ਮਈ-ਅਗਸਤ
2020
ਦੂਜਾ ਅਹਿਦ

ਗ਼ੁਫ਼ਤਗੂ

ਚੇਤਨਾ ਅਤੇ ਸੰਘਰਸ਼ ਭਰੀਆਂ ਜ਼ਿੰਦਗੀਆਂ ਨਾਲ



ਮੈਂ ਥੱਕਿਆ ਹੋਇਆ ਹਾਂ। ਬੇਹੱਦ ਥੱਕਿਆ ਹੋਇਆ। ਮੈਂ ਪੈਦਾ ਹੋਣ ਤੋਂ ਪਹਿਲਾਂ ਤੋਂ ਹੀ ਥੱਕਿਆ ਹੋਇਆ ਹਾਂ। ਮੇਰੀ ਮਾਂ ਮੈਨੂੰ ਗਰਭ ਵਿਚ ਪਾਲਦੇ ਹੋਏ, ਮਜ਼ਦੂਰੀ ਕਰਦੀ ਸੀ। ਮੈਂ ਆਪਣੀ ਮਾਂ ਦੀ ਥਕਾਨ ਮਹਿਸੂਸ ਕਰ ਸਕਦਾ ਹਾਂ। ਉਸ ਦੀ ਥਕਾਨ ਅਜੇ ਵੀ ਮੇਰੇ ਜਿਸਮ ਵਿਚ ਹੈ।

–ਸਬੀਰ ਹਕਾ (ਈਰਾਨ)



01 ਮਈ

ਮਜ਼ਦੂਰ ਦਿਵਸ

ਦੀ ਸ਼ੁਭਕਾਮਨਾਵਾਂ

ਗੁਫ਼ਤਗੂ

ਗੁਫ਼ਤਗੂ ਦੀ ਜ਼ਿੰਦਗੀ ਵਿਚ ਖਾਸ ਥਾਂ ਹੈ, ਜੇਕਰ ਅਸੀਂ ਸਮਾਜਿਕ ਜੀਵ ਹਾਂ, ਮਿਲ ਕੇ ਦੂਸਰੇ ਦੀ ਮਦਦ ਕਰਨ ਅਤੇ ਮਦਦ ਲੈਣ ਦੇ ਚਾਹਵਾਨ।

ਸਮਾਜ ਵਿਚ ਰਹਿੰਦੀਆਂ, ਇਹ ਗੱਲ ਲਾਜਮੀ ਤੌਰ ਤੇ ਮੰਨਨੀ, ਪਰਵਾਨ ਕਰਨੀ ਚਾਹੀਦੀ ਹੈ ਕਿ ਸਮਾਜ ਦਾ ਹਰ ਸ਼ਖ਼ਸ ਦੀ ਅਹਿਮੀਅਤ ਹੈ। ਸਮਾਜ ਦੀ ਸਿਰਜਣਾ, ਇਸ ਦੀ ਹੋਂਦ ਇਕ ਦੂਸਰੇ ਦੇ ਸਹਿਯੋਗ ਬਿਨਾਂ ਸੰਭਵ ਨਹੀਂ ਹੈ।

ਇਸੇ ਸੋਚ ਤਹਿਤ, ਇਹ ਅਹਿਦ, ਇਕ ਕਦਮ, ਇਸ ਨਵੇਂ ਸਾਲ ਵਿਚ ਪੁੱਟਣ ਦਾ ਉਪਰਾਲਾ ਕੀਤਾ ਹੈ।

ਤੁਸੀਂ ਪੜੋਗੇ ਤੇ ਮਹਿਸੂਸ ਕਰੋਗੇ ਕਿ ਤੁਹਾਡੇ ਆਲੇ-ਦੁਆਲੇ ਕਿੰਨੇ ਹੀ ਅਜਿਹੇ ਪਾਤਰ ਹਨ, ਜਿੰਨ੍ਹਾਂ ਨਾਲ ਗੱਲ ਕਰਕੇ, ਉਨ੍ਹਾਂ ਦੀ ਜ਼ਿੰਦਗੀ ਦੇ ਕਿਸੇ ਅਹਿਮ ਪਲ ਨੂੰ ਸਾਂਝਾ ਕੀਤਾ ਜਾ ਸਕਦਾ ਹੈ। ਇਸ ਉਪਰਾਲੇ ਤਹਿਤ ਇਸ ਤਰ੍ਹਾਂ ਦੇ ਕਈ ਤਰੀਕੇ ਵਰਤੇ ਜਾ ਸਕਦੇ ਹਨ ਜੋ ਮੈਗਜੀਨ ਵਿਚ ਸ਼ਾਮਿਲ ਹੋਏ ਹਨ। ਇਹ ਸਾਲ ਵਿਚ ਤਿੰਨ ਅੰਕ ਹੋਣਗੇ।

1. **ਨਵੀਂ ਸਵੇਰ** ਦਾ ਅੰਕ, ਸਾਲ ਦੇ ਸ਼ੁਰੂਆਤ ਦਾ, ਕੁਝ ਨਵੇਂ ਅਹਿਦ ਲੈਕੇ, ਤਿਆਰ ਹੋ ਕੇ ਅੱਗੇ ਤੁਰਨ ਦਾ ਹੈ।

2. **ਵਿਚਾਰਕ ਅੰਕ–** ਮਈ ਮਹੀਨੇ ਵਿਚ ਮਾਰਕਸ ਦੇ ਜਨਮ ਨੂੰ ਲੈਕੇ ਹੈ, ਜੋ ਕਿ ਇਕ ਸਰਵੇਖਣ ਮੁਤਾਬਕ ਵੀਹਵੀਂ ਸਦੀ ਦਾ ਸਭ ਤੋਂ ਵੱਧ ਪ੍ਰਭਾਵ ਪਾਉਣ ਵਾਲਾ ਚਿੰਤਕ ਮੰਨਿਆ ਗਿਆ ਹੈ।

3. **ਸੰਘਰਸ਼ ਅੰਕ**: ਸਤੰਬਰ ਮਹੀਨੇ ਸ਼ਹੀਦ ਭਗਤ ਸਿੰਘ ਦੇ ਜਨਮ ਨੂੰ ਲੈਕੇ ਚਿੰਤਨ ਤੋਂ ਅੱਗੇ ਸੰਘਰਸ਼ ਨਾਲ, ਉਸ ਦੀ ਪ੍ਰਾਪਤੀ ਦੇ ਲਈ ਸਫ਼ਰ ਨੂੰ ਉਲੀਕਦਾ ਹੈ।

ਇਕ ਵਾਰੀ ਫਿਰ, ਤੁਹਾਡੀ ਲੇਖਕੀ ਹਾਜਰੀ ਦੇ ਨਾਲ ਨਾਲ, ਤੁਹਾਡੀ ਰਾਏ ਦੀ ਵੀ ਵੱਡਮੁੱਲੀ ਥਾਂ ਹੋਵੇਗੀ ਕਿ ਕਿਵੇਂ ਇਸ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ। ਇਸ ਤਰ੍ਹਾਂ ਤੁਹਾਡੇ ਹੁੰਗਾਰੇ ਦੀ ਵੀ ਉਡੀਕ ਰਹੇਗੀ।

ਗੁਫ਼ਤਗੂ

ਮਈ 2020 GUFTGOO MAY 2020 ਦੂਜਾ ਅਹਿਦ

ਤਤਕਰਾ

1. ਬੁੱਲ੍ਹੇ ਸ਼ਾਹ ਦੀ ਜਾਤ ਅਵੱਲੀ / ਡਾ. ਸ਼ਿਆਮ ਸੁੰਦਰ ਦੀਪਤੀ 2
2. ਵਿਸ਼ੇਸ਼ ਮੁਲਾਕਾਤ / ਕਾਰਲ ਮਾਰਕਸ 4
3. ਵਿਲੱਖਣ ਸ਼ਖ਼ਸੀਅਤ / ਰਾਜ ਕੁਮਾਰ ਪ੍ਰਬੰਧਕ, ਮਾਇਆ ਦੇਵੀ ਸਕੂਲ, ਕੇਰਾ ਖੇੜਾ 9
4. ਮੇਰੀ ਨਜ਼ਰ ਵਿਚ / ਮਿਹਨਤਕਸ਼ ਭਾਪਾ ਅਮਰੀਕ ਸਿੰਘ / ਊਸ਼ਾ ਦੀਪਤੀ 13
5. ਲੇਖਕ ਪਤੀ ਦੇ ਨਾਲ / ਜਸਬੀਰ ਕੌਰ 15
6. ਸਵੈ ਕਥਨ (ਡਾ. ਬੀ.ਐਮ. ਸਿੰਘ) 21
7. ਸ਼ਬਦ ਚਿੱਤਰ : ਪ੍ਰੋ. ਓ.ਪੀ. ਕਾਲੀਆ / ਹਰਭਜਨ ਸਿੰਘ ਖੇਮਕਰਨੀ 25
8. ਮੁਲਾਕਾਤ / ਮਿਹਨਤਕਸ਼ ਪਰਿਵਾਰ ਤੋਂ ਮੈਡੀਕਲ ਕਾਲਜ ਤਕ : ਪ੍ਰੀਤ ਕਸ਼ਯਪ 29
9. ਸਾਹਿਤ ਸਿਰਜਣਾ 32
   - ਕਵਿਤਾਵਾਂ
     ◆ ਪਾਬਲੋ ਨੈਰੂਦਾ ◆ ਨਵਤੇਜ ਭਾਰਤੀ ◆ ਮਦਨ ਵੀਰਾ ◆ ਹੁਸੈਨ ਹੈਦਰੀ ◆ ਵਿਕਾਸ
     ◆ ਡਾ. ਨਵਦੀਪ ਖਹਿਰਾ ◆ ਡਾ. ਲੋਕਰਾਜ ◆ ਡਾ. ਸ਼ਿਆਮ ਸੁੰਦਰ ਦੀਪਤੀ
   - ਮਿੰਨੀ ਕਹਾਣੀਆਂ
     ◆ ਸਵ. ਵਿਸ਼ਨੂੰ ਪ੍ਰਭਾਕਰ ◆ ਹੇਮੰਤ ਰਾਣਾ ◆ ਐਡਵੋਕੇਟ ਦਲੀਪ ਸਿੰਘ ਵਾਸਨ
     ◆ ਮਨਜੀਤ ਸਿੱਧੂ ਰਤਨਗੜ
10. ਸਵੈ ਜੀਵਨੀ ਅੰਸ਼ / ਭੀਸ਼ਮ ਸਾਹਨੀ 43
11. ਖ਼ਤ 45
12. ਮੇਰੀ ਮਨਪਸੰਦ ਕਿਤਾਬ / 'ਇਥੋਂ ਰੇਗਿਸਤਾਨ ਦਿੱਸਦਾ ਹੈ' - ਜਸਵੀਰ ਸਿੰਘ ਰਾਣਾ 46
13. ਮੇਰੀ ਕਹਾਣੀ ਦੇ ਪਾਤਰ / ਦਰਸ਼ਨ ਬਰੇਟਾ 50
14. ਨੇੜਿਓਂ ਤੇੜਿਓਂ 54
15. ਵਿਦਿਆਰਥੀ ਕੋਨਾ / ਅਜੇਪਾਲ ਸਿੰਘ, ਬਖਸ਼ਵੀਰ ਕੌਰ 58
16. ਹੁੰਗਾਰਾ 61
17. ਸਰਗਰਮੀਆਂ 63

ਗੁਫ਼ਤਗੂ : ਦੂਜਾ ਅਹਿਦ : ਚਹੁਮਾਸਿਕ ਮਈ ਤੋਂ ਅਗਸਤ 2020

ਸੰਪਾਦਕ : ਡਾ. ਸ਼ਿਆਮ ਸੁੰਦਰ ਦੀਪਤੀ
97- ਗੁਰੂ ਨਾਨਕ ਐਵੀਨਿਊ, ਮਜੀਠਾ ਰੋਡ, ਅੰਮ੍ਰਿਤਸਰ-143001
ਫੋਨ : 098158-08506 email : drdeeptiss@gmail.gom

ਸਹਿਯੋਗੀ ਪਰਿਵਾਰ : ਤੁਸੀਂ ਸਾਰੇ ਪਾਠਕ, ਜੋ ਕਿਸੇ ਬਾਰੇ, ਆਪਣੇ ਬਾਰੇ ਆਪਣੀ ਸੰਘਰਸ਼ਗਾਥਾ ਨੂੰ ਲਿਖਣ ਦੇ ਯੋਗ ਹੋ।

ਸਹਿਯੋਗੀ ਰਾਸ਼ੀ : ਇਕ ਅੰਕ : 40 ਰੁਪਏ ਸਲਾਨਾ : 100 ਰੁਪਏ ਪੰਜ ਸਾਲ : 500 ਰੁਪਏ

ਸਹਿਯੋਗੀ ਰਾਸ਼ੀ ਤੁਸੀਂ PAYTM ਰਾਹੀਂ 98158-08506 ਤੇ ਵੀ ਭੇਜ ਸਕਦੇ ਹੋ।

ਬੁੱਲ੍ਹੇ ਸ਼ਾਹ ਦੀ ਜਾਤ ਅਵੱਲੀ

ਚੇਤਨਾ ਅਤੇ ਸੰਘਰਸ਼ ਦਾ ਰਿਸ਼ਤਾ

ਸੰਘਰਸ਼ ਸਾਰੇ ਜੀਵਾਂ ਦਾ ਅਟੁੱਟ ਹਿੱਸਾ ਰਿਹਾ ਹੈ ਤੇ ਹਮੇਸ਼ਾ ਰਹਿੰਦਾ ਹੈ। ਮਨੁੱਖ ਨੇ ਆਪਣੇ ਵਿਕਾਸ ਵਿਚ ਕੁਦਰਤ ਨਾਲ ਤਾਂ ਸੰਘਰਸ਼ ਕੀਤਾ ਹੈ, ਨਾਲ ਹੀ ਉਸਦੇ ਆਪਣੇ ਸਿਰਜੇ ਸਮਾਜ ਨਾਲ ਵੀ ਇਹ ਸੰਘਰਸ਼ ਨਿਰੰਤਰ ਬਣਿਆ ਹੋਇਆ ਹੈ।

ਸੰਘਰਸ਼ ਸ਼ਬਦ, ਅਜੋਕੇ ਪਰਿਪੇਖ ਵਿਚ, ਦੋ ਜਮਾਤਾਂ ਵਿਚਕਾਰ ਹੁੰਦੇ ਤਕਰਾਰ ਦੇ ਰੂਪ ਵਿਚ ਪ੍ਰਚਲਿਤ ਹੈ, ਜਦੋਂ ਮਾਲਿਕ-ਮਜ਼ਦੂਰ, ਆਮ ਲੋਕ ਅਤੇ ਸਰਕਾਰ, ਸੰਸਥਾ ਮੁਖੀ ਅਤੇ ਕਰਮਚਾਰੀ ਆਦਿ ਵਿਚਕਾਰ ਕਿਸੇ ਮੁੱਦੇ 'ਤੇ ਅਸਹਿਮਤੀ ਜਾਂ ਟਕਰਾਅ ਹੁੰਦਾ ਹੈ। ਇਸ ਤਰ੍ਹਾਂ ਸੰਘਰਸ਼ ਕਮੇਟੀਆਂ ਦੇ ਗਠਨ ਹੁੰਦੇ ਹਨ ਤੇ ਇਸ ਨੂੰ ਨਾਕਾਰਾਤਮਕ ਤੌਰ ਤੇ ਵੱਧ ਦੇਖਿਆ, ਸਮਝਿਆ, ਉਭਾਰਿਆ ਜਾਂਦਾ ਹੈ। ਪਰ ਸੰਘਰਸ਼ ਇਕ ਬਹੁਤ ਵਿਆਪਕ ਅਤੇ ਉਸਾਰੂ ਭਾਵਾਂ ਵਾਲਾ ਸੰਕਲਪ ਹੈ। ਇਹ ਸ਼ਬਦ ਆਪਣੇ ਆਪ ਵਿਚ ਹਰ ਜੀਵ ਪੱਖੀ, ਉਸ ਦੇ ਵਿਕਾਸ ਦੀ ਗਾਥਾ ਨੂੰ ਦੱਸਣ-ਦਰਸਾਉਣ ਵਾਲਾ ਹੈ।

ਇਸ ਦੁਨੀਆਂ ਦਾ ਹਰ ਕੋਈ ਜਿਕਰ ਕਰਦਾ ਹੈ। ਬਹੁਤੇ ਲੋਕ ਘੁੰਮ ਕੇ ਦੇਖਦੇ ਵੀ ਹਨ ਤੇ ਬਹੁਤਿਆਂ ਨੂੰ ਹੋਰਾਂ ਲੋਕਾਂ ਦੀਆਂ ਨਜ਼ਰਾਂ ਅਤੇ ਕੈਮਰਿਆਂ ਰਾਹੀਂ ਵੀ ਉਹ ਤਸਵੀਰਾਂ ਦੇਖਣ-ਸੁਨਣ ਨੂੰ ਮਿਲਦੀਆਂ ਹਨ, ਜੋ ਸਾਨੂੰ ਆਪਣੀਆਂ ਪ੍ਰਾਪਤੀਆਂ 'ਤੇ ਮਾਣ ਕਰਨ ਲਈ, ਸਾਡੀ ਗਵਾਹ ਬਣਦੀਆਂ ਹਨ।

ਇਨ੍ਹਾਂ ਅੱਖਾਂ ਨੂੰ ਇਕ ਹੋਰ ਦ੍ਰਿਸ਼ ਵੀ ਨਜ਼ਰ ਆਉਂਦਾ ਹੈ, ਜਿਥੇ ਵੱਡੀ ਅਬਾਦੀ, ਝੋਪੜ ਪੱਟੀਆਂ ਵਿਚ ਨਰਕੀ ਜੀਵਨ ਜੀਅ ਰਹੇ ਲੋਕਾਂ ਦੀ ਹੁੰਦੀ ਹੈ। ਉਹ ਸਾਰੇ ਉਥੇ ਰਹਿ ਜ਼ਰੂਰ ਰਹੇ ਹੁੰਦੇ ਹਨ, ਪਰ ਉਨ੍ਹਾਂ ਵਿਚੋਂ ਕਈ ਸ਼ਾਨਦਾਰ ਜ਼ਿੰਦਗੀ ਜੀਣ ਦੇ ਸਪਨੇ ਲੈਂਦੇ ਹਨ, ਤੇ ਕਈ ਇਸ ਬਾਰੇ ਸੋਚਦੇ ਜ਼ਰੂਰ ਹਨ, ਭਾਵੇਂ ਸਪਨੇ ਲੈਣ ਦੀ ਸਿਖਲਾਈ ਤੋਂ ਸਖਣੇ ਹੁੰਦੇ ਹਨ।

ਮਨੁੱਖ ਦੀ ਸੋਚ ਅਤੇ ਚੇਤਨਾ, ਇਕ ਨਵੇਕਲੀ ਕਿਸਮ ਦੀ ਹੈ, ਬਾਕੀ ਸਾਰੇ ਜੀਵਾਂ ਤੋਂ ਵਖਰੀ। ਉਸ ਵਿਚ ਸਿਰਫ਼ ਸੋਚ ਨਹੀਂ ਹੈ, ਉਸ ਵਿਚ ਕੁਝ ਕਰਨ ਦੀ ਕਲਪਨਾ ਵੀ ਹੈ ਤੇ ਇਸ ਕਲਪਨਾ ਨੂੰ ਅੱਗੇ ਇਕ ਰੂਪ ਦੇਣ ਦੀ ਵੀ ਸਮਰਥਾ ਹੈ। ਇਸ ਮਨੁੱਖੀ ਚੇਤਨਾ ਨੇ ਵੀ, ਮਨੁੱਖ ਦੇ ਸਰੀਰਕ ਵਿਕਾਸ ਨਾਲ ਨਿਰੰਤਰਤਾ ਬਣਾਈ ਰੱਖੀ ਹੈ।

ਇਸ ਤਰ੍ਹਾਂ ਚੇਤਨਾ ਜਿਥੇ ਸੰਘਰਸ਼ ਲਈ, ਇਕ ਜੁੱਟ ਹੋਣ ਲਈ, ਵਧੀਆ ਜ਼ਿੰਦਗੀ ਜੀਣ ਦੇ ਸਵਾਲਾਂ ਦੇ ਜਵਾਬ ਲੱਭਣ ਲਈ ਪ੍ਰੇਰਦੀ ਹੈ, ਉਥੇ ਸੰਘਰਸ਼ ਨਾਲ ਕੁਝ ਕੁ ਹਾਸਿਲ ਕਰਨ ਨਾਲ, ਹਰ ਪੜਾਅ 'ਤੇ ਚੇਤਨਾ ਹੋਰ ਨਿੱਖਰ ਕੇ ਸਾਹਮਣੇ ਆਉਂਦੀ ਹੈ।

ਹਰ ਇਕ ਸੰਘਰਸ਼, ਇਸ ਦਿਸ਼ਾ ਵਿਚ ਪੁੱਟਿਆ ਗਿਆ ਕਦਮ, ਕੀਤਾ ਗਿਆ ਉਪਰਾਲਾ, ਇਕ ਮਜ਼ਬੂਤ ਸ਼ਖ਼ਸੀਅਤ ਪੈਦਾ ਕਰਦਾ ਹੈ। ਸੰਘਰਸ਼ ਦੇ ਕੁਦਰਤੀ ਪਿਛੋਕੜ ਰਾਹੀਂ, ਇਸ ਦੇ ਅਰਥਾਂ ਨੂੰ ਸਮਝੀਏ ਤੇ ਜੇਕਰ ਇਕ ਲਾਈਨ ਵਿਚ ਬਿਆਨ ਕਰਨਾ ਹੋਵੇ ਤਾਂ ਕਹਿ ਸਕਦੇ ਹਾਂ ਸੰਘਰਸ਼ ਬਾਂਦਰ ਨੂੰ ਮਨੁੱਖ ਬਣਾ ਕੇ, ਇਕ ਸਿਆਣਾ, ਤਜਰਬੇਕਾਰ ਸ਼ਖ਼ਸ ਬਣਾ ਕੇ ਪੇਸ਼ ਕਰਨ ਵਾਲੀ ਭਾਵਨਾ ਹੈ। ਉਹ ਵਿਅਕਤਿੱਤਵ ਨੂੰ ਘੜਦੀ ਹੈ ਤੇ ਇਕ ਲਾਸਾਨੀ ਤਸਵੀਰ/ਬੁੱਤ ਬਣਾਉਂਦੀ ਹੈ।

ਜਦੋਂ ਸੰਘਰਸ਼ ਅਤੇ ਸਪਨੇ ਦੀ ਗੱਲ ਹੁੰਦੀ ਹੈ। ਜਦੋਂ ਕੁਝ ਨਵਾਂ, ਸ਼ਾਨਦਾਰ ਜੀਵਨ ਜੀਣ ਦੀ

ਸੋਚ ਉਭਰਦੀ ਹੈ, ਤਾਂ ਸਾਰੇ ਹੀ ਜੋਰ ਲਗਾਉਂਦੇ ਹਨ। ਇਹ ਸਪਨਾ ਜਾਗਦੀ ਅੱਖ ਦਾ ਹੁੰਦਾ ਹੈ, ਇਹ ਇਕ ਸੁਚੇਤ ਕਲਪਨਾ ਹੁੰਦੀ ਹੈ, ਜੋ ਕਿ ਸਿਰਫ਼ ਤੇ ਸਿਰਫ਼ ਮਨੁੱਖ ਦਾ ਦਿਮਾਗ ਹੀ ਕਰ ਸਕਦਾ ਹੈ। ਇਹ ਕਲਪਨਾ, ਸਿਰਜਣਾ ਲਈ ਜ਼ਰੂਰੀ ਹੈ। ਇਹ ਮਨੁੱਖ ਨੂੰ ਅਗਲੇ ਪੜਾਅ 'ਤੇ ਸਿਰਜਕ ਬਣਾਉਂਦੀ ਹੈ, ਮਹਾਂ ਮਾਨਵੀ ਸੰਕਲਪ ਨਾਲ ਜੋੜਦੀ ਹੈ। ਕਈ ਮਨੋਵਿਗਿਆਨੀਆਂ ਦਾ ਮੱਤ ਹੈ ਕਿ ਸਪਨੇ ਜਾਨਵਰਾਂ ਨੂੰ ਵੀ ਆਉਂਦੇ ਹਨ। ਅਸੀਂ ਵੀ ਜਾਣਦੇ ਹਾਂ ਕਿ ਰਾਤ ਨੂੰ ਆਇਆ ਸਪਨਾ, ਡਰਾਉਣਾ ਵੀ ਹੁੰਦਾ ਹੈ ਤੇ ਲੁਭਾਵਨਾ ਵੀ। ਪਰ ਜੀਂਦੇ ਜੀਅ, ਜਾਗਦੇ ਹੋਇਆਂ ਲਿਆ ਸਪਨਾ, ਨਿਸ਼ਚਿਤ ਹੀ ਬੁਲੰਦੀਆਂ ਛੋਹਣ ਦਾ ਹੁੰਦਾ ਹੈ।

ਅਸੀਂ ਅਕਸਰ ਸਮੱਸਿਆਵਾਂ ਵਿਚ ਘਿਰ ਜਾਂਦੇ ਹਾਂ, ਉਲਝ ਜਾਂਦੇ ਹਾਂ ਤੇ ਆਪਣੀ ਸਿਆਣਪ ਨਾਲ ਉਸ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਕਈ ਵਾਰ ਮਦਦ ਵੀ ਲੈਣਾ ਚਾਹੁੰਦੇ ਹਾਂ।

ਸਾਡੇ ਕਿੱਸਿਆਂ ਵਿਚ ਇਕ ਸਰਵਸ਼ਕਤੀਮਾਨ ਤਾਂ ਹਰ ਵੇਲੇ ਰਹਿੰਦਾ ਹੈ। ਉਸ ਧਾਰਨਾ ਦੇ ਕੁਝ ਕਿੱਸੇ ਹਨ, ਜਦੋਂ ਉਸ ਨੂੰ ਬੁਲਾਉਣ ਲਈ ਤਪੱਸਿਆ ਕੀਤੀ ਜਾਂਦੀ ਹੈ। ਉਸੇ ਲਹਿਜੇ ਵਿਚ ਇਕ ਗੱਲ ਸਮਝਣ ਦੀ ਕੋਸ਼ਿਸ਼ ਕਰਦੇ ਹਾਂ:

ਦੇਵਤਾ: ਦੱਸੋ ਬੇਟਾ! ਮੈਂ ਤੇਰੇ ਤੋਂ ਖੁਸ਼ ਹਾਂ। ਕਿਉਂ ਯਾਦ ਕੀਤਾ?

ਮਾਨਵ: ਮੈਨੂੰ ਇਕ ਸਮੱਸਿਆ ਹੈ। ਉਹ ਸੁਲਝਾਉਣੀ ਹੈ।

ਦੇਵਤਾ: ਬੱਚੇ! ਤੈਨੂੰ ਇਕ ਦਿਮਾਗ ਦਿੱਤਾ ਹੈ। ਉਸ ਵਿਚ ਸਮੱਸਿਆਵਾਂ ਸਮਝਣ ਅਤੇ ਸੁਲਝਾਉਣ ਦੀ ਸਮਰੱਥਾ ਹੈ। ਉਸ ਨੂੰ ਵਰਤ।

ਮਾਨਵ: ਠੀਕ ਹੈ। ਚਲੋ, ਮੇਰੀ ਕੁਝ ਮਦਦ ਹੀ ਕਰੋ।

ਦੇਵਤਾ: ਦੇਖ! ਤੇਰੇ ਆਲੇ-ਦੁਆਲੇ ਕਿੰਨੇ ਹੀ ਲੋਕ ਤੁਰੇ ਫਿਰਦੇ ਹਨ। ਇਹ ਸਾਰੇ ਤੇਰੀ ਮਦਦ ਕਰਨ ਵਾਸਤੇ ਹਨ। ਇਨ੍ਹਾਂ ਨੂੰ ਮਿਲ। ਗੱਲਬਾਤ ਕਰ। ਏਨਾਂ ਤੋਂ ਮਦਦ ਲੈਣਾ ਸਿੱਖ।

ਤੇ ਦੇਵਤਾ ਅੱਖਾਂ ਤੋਂ ਔਝਲ ਹੋ ਗਿਆ।

ਇਸ ਵਿਚ ਦੋ ਸੁਨੇਹੇ ਸਪਸ਼ਟ ਹਨ। ਦਿਮਾਗ ਵਰਤ ਅਤੇ ਲੋਕਾਂ ਨੂੰ ਮਿਲ ਤੇ ਮਦਦ ਲੈ। ਦਿਮਾਗ ਤੋਂ ਕੰਮ ਲੈਣ ਦਾ ਮਤਲਬ ਹੈ, ਸੋਚ ਵਿਚਾਰ, ਵਿਸ਼ਲੇਸ਼ਣ ਕਰ, ਪਿੱਛਲੱਗੂ ਨਾ ਬਣ। ਅੱਖਾਂ ਮੀਚ ਕੇ ਕਿਸੇ ਮਗਰ ਨਾ ਲੱਗ। ਜਿਥੇ ਕਿਤੇ ਸ਼ੰਕਾ ਹੋਵੇ, ਉਥੇ ਸਵਾਲ ਕਰਨਾ ਸਿੱਖ। ਸਵਾਲ ਦੇ ਜਵਾਬ ਹੂਬਹੂ ਨਾ ਮੰਨ। ਉਨ੍ਹਾਂ ਨੂੰ ਪਰਖ।

ਸੰਘਰਸ਼ ਲਈ, ਉਲਝਣਾਂ ਤੋਂ ਛੁਟਕਾਰਾ ਪਾਉਣ ਲਈ, ਜਥੇਬੰਦੀ ਦੀ ਅਹਿਮੀਅਤ ਦੱਸੀ ਜਾਂਦੀ ਹੈ ਤੇ ਦੇਖਿਆ ਗਿਆ ਹੈ ਕਿ ਜਿੰਨੀਆਂ ਵੀ ਪ੍ਰਾਪਤੀਆਂ ਹੋਈਆਂ ਹਨ, ਉਹ ਮਿਲਕੇ, ਜਥੇਬੰਦਕ ਢੰਗ ਨਾਲ, ਇਕ ਦੂਸਰੇ ਦਾ ਹੱਥ ਫੜ ਕੇ ਹੋਈਆਂ ਹਨ।

ਯਾਦ ਰੱਖਣਾ ਚਾਹੀਦਾ ਹੈ ਕਿ ਆਪਣੀ ਹਾਲਤ ਨੂੰ ਵਧੀਆ ਬਣਾਉਣ ਲਈ, ਹਰ ਕੋਈ ਤਬਦੀਲੀ ਚਾਹੁੰਦਾ ਹੈ। ਬਹੁਤੇ ਤਬਦੀਲੀ ਦੀ ਉਡੀਕ ਕਰਦੇ ਹਨ। ਤਬਦੀਲੀ ਆਪੇ ਨਹੀਂ ਆਉਂਦੀ। ਤਬਦੀਲੀ ਹੋਣਾ ਕਿਸੇ ਵੀ ਤਰ੍ਹਾਂ ਕੋਈ ਕੁਦਰਤੀ ਨਿਯਮ ਨਹੀਂ ਹੈ। ਤਬਦੀਲੀ ਲਈ ਸੰਘਰਸ਼ ਕਰਨਾ ਹੀ ਪੈਂਦਾ ਹੈ। ਇਹ ਲਾਜਮੀ ਸ਼ਰਤ ਹੈ।

ਇਹ ਅੰਕ ਕਾਰਲ ਮਾਰਕਸ ਦੇ ਜਨਮ ਦਿਹਾੜੇ, 5 ਮਈ ਨੂੰ, ਇਸ ਦੀ ਦੱਬੀ ਕੁੱਚਲੀ ਜਮਾਤ ਨੂੰ ਚੇਤੰਨ ਕਰਨ ਦੀ ਕੋਸ਼ਿਸ਼ਾਂ ਨੂੰ ਸਮਰਪਿਤ ਹੈ।

ਵਿਸ਼ੇਸ਼ ਮੁਲਾਕਾਤ

ਕਾਰਲ ਮਾਰਕਸ

ਮਾਰਕਸ! ਕਾਰਲ ਮਾਰਕਸ, ਵਿਸ਼ਵ ਇਤਿਹਾਸ ਦਾ ਉਹ ਚਿੰਤਕ, ਜਦੋਂ 21ਵੀਂ ਸਦੀ ਵਿਚ ਦਾਖਲ ਹੋ ਕੇ ਵੀਹਵੀਂ ਸਦੀ ਦੌਰਾਨ ਸਭ ਤੋਂ ਪ੍ਰਭਾਵਸ਼ਾਲੀ ਚਿੰਤਕਾਂ/ਵਿਗਿਆਨੀਆਂ ਬਾਰੇ ਪੁੱਛਿਆ ਗਿਆ ਤਾਂ ਪੰਜਾਹ ਫੀਸਦੀ ਦੁਨੀਆਂ ਦੇ ਲੋਕਾਂ ਨੇ ਮਾਰਕਸ ਦਾ ਨਾਂ ਲਿਆ। ਉਸ ਦੀ 65 ਸਾਲਾਂ ਜ਼ਿੰਦਗੀ ਦੇ ਅਨੇਕਾਂ ਪੱਖ ਹਨ। ਪ੍ਰੋਫ਼ੈਸਰ, ਪੱਤਰਕਾਰ, ਸੰਪਾਦਕ, ਇਕ ਸਰਗਰਮ ਕਾਰਕੁੰਨ, ਇਤਿਹਾਸਕਾਰ, ਸਮਾਜ ਵਿਗਿਆਨੀ, ਅਰਥਸ਼ਾਸਤਰੀ, ਰਾਜਨੀਤੀਵਾਨ, ਫਿਲਾਸਫਰ, ਲੇਖਕ ਅਤੇ ਸਭ ਤੋਂ ਵੱਧ ਇਕ ਇਨਕਲਾਬੀ। –ਅਦਾਰਾ



ਮਾਰਕਸ ਨਾਲ ਇਕ ਸਬਬ ਬਣਿਆ (ਬਣਾਇਆ ਕਿ ਉਹ ਸਾਡੇ ਮੁਲਕ ਭਾਰਤ ਵਿਚ ਹੈ) ਉਸ ਨਾਲ ਮੁਲਾਕਾਤ ਹੋ ਗਈ। ਉਸ ਨਾਲ ਹੋਈ ਗੁਫ਼ਤਗੂ ਦੇ ਕੁਝ ਅਹਿਮ ਹਿੱਸੇ ਤੁਹਾਡੇ ਨਾਲ ਸਾਂਝੇ ਕਰ ਰਹੇ ਹਾਂ।

? **ਤੁਸੀਂ ਦੂਸਰੀ ਜਨਮ ਸ਼ਤਾਬਦੀ ਮੌਕੇ, ਖਾਸ ਕਰ ਸਾਡੇ ਮੁਲਕ ਵਿਚ ਫੇਰਾ ਪਾਇਆ ਹੈ। ਪਹਿਲਾਂ ਤਾਂ ਇਹ ਅਹਿਸਾਸ ਸਾਂਝਾ ਕਰੋ ਕਿ ਕਿਸ ਤਰ੍ਹਾਂ ਲਗ ਰਿਹਾ ਹੈ ਜਦੋਂ ਪੂਰੀ ਦੁਨੀਆਂ ਤੁਹਾਨੂੰ ਯਾਦ ਕਰ ਰਹੀ ਹੈ।**

– ਨਿਸ਼ਚਿਤ ਹੀ, ਕਿਸੇ ਨੂੰ ਕੋਈ ਯਾਦ ਕਰੇ, ਚੰਗਾ ਲਗਦਾ ਹੈ। ਪਰ ਯਾਦ ਕਰਨ ਦਾ ਸਬਬ ਕੀ ਹੈ, ਇਹ ਮਹੱਤਵਪੂਰਨ ਹੈ। ਪੂਰੀ ਦੁਨੀਆਂ ਪੂੰਜੀਵਾਦ ਦੇ ਕਬਜੇ ਵਿਚ ਹੈ ਤੇ ਸਾਮਰਾਜ ਵੱਲ ਵੱਧ ਰਹੀ ਹੈ, ਤੁਸੀਂ ਸਮਝੋ ਕਿ ਮੈਨੂੰ ਕਿਉਂ ਯਾਦ ਕੀਤਾ ਜਾਂਦਾ ਹੈ। ਇਸ ਲਈ ਕਿ ਮਾਰਕਸ ਦਾ ਕੋਈ ਮਤਲਬ ਨਹੀਂ। ਇਹੀ ਕਿਹਾ ਜਾ ਰਿਹਾ ਹੈ ਨਾ ਕਿ ਮਾਰਕਸ ਇਜ ਡੈੱਡ। ਇਸ ਨੂੰ ਆਪਣੇ ਜ਼ਹਿਨ ਵਿਚੋਂ ਕੱਢ ਦੇਵੋ। ਇਸ ਬਹਾਨੇ ਯਾਦ ਕੀਤਾ ਜਾ ਰਿਹਾ ਹੈ ਤਾਂ ਉਸ ਦਾ ਅਹਿਸਾਸ ਵੀ ਤੁਸੀਂ ਸਮਝ ਸਕਦੇ ਹੋ।

? **ਠੀਕ ਹੈ ਗੱਲ, ਪਰ ਨਾਲ ਹੀ ਇਹ ਵੀ ਗੱਲ ਉੱਠਦੀ ਹੈ ਕਿ ਮਾਰਕਸ ਦੀ ਵਿਚਾਰਧਾਰਾ ਹੀ ਮਨੁੱਖਾਂ ਦੀ ਸੌਖੀ ਜ਼ਿੰਦਗੀ ਲਈ ਅਸਲੀ ਹੱਲ ਹੈ। ਪੂੰਜੀਵਾਦ ਜਦੋਂ ਸੰਕਟ ਵਿਚ ਹੁੰਦਾ ਹੈ ਤਾਂ ਉਹ ਤੁਹਾਡੀ ਵਿਚਾਰਧਾਰਾ ਵੱਲ ਹੀ ਮੁੜਦਾ ਹੈ।**

– ਕੀ ਕਰਨ? ਕੀ ਪੂੰਜੀਵਾਦ ਦੇ ਇਸ ਦੌਰ ਵਿਚ ਮਜ਼ਦੂਰਾਂ ਦੀ ਹਾਲਤ ਸੁਧਰੀ ਹੈ? ਉਨ੍ਹਾਂ ਦੀ ਜ਼ਿੰਦਗੀ ਵਿਚ ਖੁਸ਼ੀ ਆਈ ਹੈ? ਉਨ੍ਹਾਂ ਦੇ ਹਨੇਰੇ ਘਰਾਂ ਵਿਚ ਚਾਨਣ ਪਹੁੰਚਿਆ ਹੈ? ਉਨ੍ਹਾਂ ਦੇ ਢਿੱਡਾਂ ਦੀ ਭੁੱਖ ਮਿਟੀ ਹੈ? ਉਨ੍ਹਾਂ ਦੀ ਸਿਹਤ ਲਈ ਕੋਈ ਸਰਵਵਿਆਪੀ ਪ੍ਰਬੰਧ ਜੁੜਿਆ ਹੈ?

? **ਸਾਡੇ ਮੁਲਕ ਵਿਚ ਨਹੀਂ ਹੈ, ਪਰ ਦੁਨੀਆਂ ਦੇ ਕਈ ਮੁਲਕਾਂ ਵਿਚ ਜਿਵੇਂ ਯੂਰੋਪ ਵਿਚ, ਕੈਨੇਡਾ ਵਿਚ, ਹੋਰ ਵੀ ਅਨੇਕਾਂ, ਕਾਫੀ ਹੱਦ ਤਕ ਲੋਕ ਸੰਤੁਸ਼ਟ ਨੇ।**

– ਇਹੀ ਸਿਖਿਆ ਹੈ ਉਨ੍ਹਾਂ ਨੇ ਮੇਰੀਆਂ ਲਿਖਤਾਂ ਅਤੇ ਮੇਰੇ ਸਿੱਟਿਆਂ ਵਿਚੋਂ। ਲੋਕਾਂ ਦੀ ਭਲਾਈ ਕਰਨੀ। ਉਨ੍ਹਾਂ ਨੂੰ ਕੁਝ ਕੁ ਮੂਲਭੂਤ ਸਹੂਲਤਾਂ ਦੇ ਕੇ, ਉਨ੍ਹਾਂ ਦੇ ਸੰਘਰਸ਼ ਨੂੰ ਧੀਮਾ ਕਰਨਾ, ਉਨ੍ਹਾਂ ਦੀ ਚੇਤਨਾ ਨੂੰ ਖੁੰਡਾ ਕਰਨਾ। ਤੁਸੀਂ ਉਨ੍ਹਾਂ ਮੁਲਕਾਂ ਦੀ ਜਮੀਨੀ ਹਕੀਕਤ ਤੋਂ ਵਾਕਫ ਹੋ। ਚਲੋ ਨਾ ਸਹੀ। ਪਰ ਮੇਰੀ ਵਿਚਾਰਧਾਰਾ ਤਾਂ ਬਰਾਬਰੀ ਦਾ ਸਮਾਜ ਸਿਰਜਣ ਦੀ ਸੀ। ਸਭ ਨੂੰ ਕਾਬਲੀਅਤ ਮੁਤਾਬਕ ਕੰਮ ਅਤੇ ਲੋੜ ਮੁਤਾਬਕ ਜੀਵਨ ਸਹੂਲਤਾਂ। ਜੇਕਰ ਤੁਹਾਡੇ ਮੁਲਕ ਵਿਚ ਇਕ ਫੀਸਦੀ ਅਬਾਦੀ ਕੋਲ 73% ਦੌਲਤ ਹੈ ਤਾਂ ਇਹੀ ਤਸਵੀਰ ਦੁਨੀਆਂ ਭਰ ਦੀ ਵੀ ਹੈ। ਉਨ੍ਹਾਂ ਚੰਦ ਕੁ ਲੋਕ, ਸਰਮਾਏਦਾਰ, ਬਹੁਗਿਣਤੀ ਲੋਕਾਂ ਨੂੰ ਭੁੱਖ ਅਤੇ ਬੀਮਾਰੀ ਤੋਂ ਕੁਝ ਰਾਹਤ ਦੇਣ ਦੇ ਕੁਝ ਉਪਰਾਲੇ ਕਰਕੇ, ਆਪਣੇ ਆਪ ਨੂੰ ਸੁਰੱਖਿਅਤ ਕੀਤਾ ਹੈ। ਤੁਸੀਂ ਸੁਣਿਆ ਹੋਵੇਗਾ, ਘਰ ਦੇ ਸਾਰੇ ਜੀਆਂ ਦੇ ਕੰਮ ਕੀਤੇ ਬਿਨਾਂ ਗੁਜਾਰਾ ਨਹੀਂ ਚਲਦਾ। ਉਨ੍ਹਾਂ ਦਾ ਸੰਕਟ ਹੈ ਹਰ ਵੇਲੇ ਕੰਮ, ਕੋਈ ਸਮਾਂ ਨਹੀਂ। ਪਰਿਵਾਰ ਇਕੱਠਾ ਨਹੀਂ ਬੈਠਦਾ। ਸਾਰੇ ਮਿਲ ਕੇ ਇਕ ਮਹੀਨੇ ਦੇ ਜੀਉਣ ਲਈ ਜੁਗਾੜ ਨਹੀਂ ਕਰ ਪਾਉਂਦੇ ਤੇ ਧਨ ਕੁਬੇਰ ਆਪਣੀਆਂ ਕਈ-ਕਈ ਪੁਸ਼ਤਾਂ ਲਈ ਸਹੂਲਤਾਂ ਜੋੜ ਜਾਂਦੇ ਹਨ।

? **ਤੁਹਾਡੇ ਬਹੁਤ ਸਾਰੇ ਰੰਗ ਹਨ, ਪਿਤਾ ਕੁਝ ਹੋਰ ਬਨਾਉਣਾ ਚਾਹੁੰਦੇ ਸੀ, ਤੁਸੀਂ ਕੁਝ ਹੋਰ ਬਨਣਾ ਚਾਹੁੰਦੇ ਸੀ, ਆਖਰ ਤੁਸੀਂ ਅਰਥਸ਼ਾਸਤਰੀ ਵਜੋਂ ਦੁਨੀਆਂ ਸਾਹਮਣੇ ਆਏ, ਆਪਣੇ ਇਕ ਵੱਡੇ ਕਾਰਜ 'ਕੈਪੀਟਲ' ਰਾਹੀਂ।**

– ਮੇਰੇ ਕੰਮ ਨੂੰ ਸਿਰਫ਼ ਅਰਥ ਸ਼ਾਸਤਰ ਤਕ ਮਹਿਦੂਦ ਕਰਨ, ਮੇਰੀ ਵਿਚਾਰਧਾਰਾ ਨੂੰ ਛੋਟਾ ਕਰਕੇ ਸਮਝਣ ਦੇ ਬਰਾਬਰ ਹੈ। ਪਿਤਾ ਚਾਹੇ ਮੈਨੂੰ ਵਕੀਲ ਬਨਾਉਣਾ ਚਾਹੁੰਦੇ ਸੀ। ਉਸ ਵੇਲੇ ਸਾਡੇ ਵਰਗੇ ਪਰਿਵਾਰਾਂ ਵਿਚ ਦੋ ਹੀ ਕਿੱਤੇ ਸਮਾਜ ਵਿਚ ਸਨਮਾਨਯੋਗ ਸਮਝੇ ਜਾਂਦੇ ਸੀ। ਵਕੀਲ ਹੋਣਾ ਜਾਂ ਪਾਦਰੀ ਹੋਣਾ। ਮੈਂ ਜਦੋਂ ਪੜ੍ਹਦਾ ਸੀ ਤਾਂ ਇਕ ਦਿਨ ਪੜ੍ਹਦਿਆਂ ਮੈਂ ਇਹ ਪੜ੍ਹ ਲਿਆ ਕਿ ਉਹ ਮਨੁੱਖ ਸਭ ਤੋਂ ਵੱਧ ਖੁਸ਼ ਵਸਦਾ ਹੈ ਜਿਸਨੇ ਵੱਧ ਤੋਂ ਵੱਧ ਲੋਕਾਂ ਨੂੰ ਖੁਸ਼ ਅਤੇ ਸੁਖੀ ਬਣਾਇਆ ਹੋਵੇ। ਮੈਂ ਕਾਨੂੰਨ ਦੀ ਪੜ੍ਹਾਈ ਵਿਚ ਦਾਖਲਾ ਲਿਆ ਸੀ, ਪਰ ਮੈਂ ਮਹਿਸੂਸ ਕੀਤਾ, ਲੋਕਾਂ ਦੇ ਹਿੱਤ ਲਈ ਕੰਮ ਕਰਨਾ ਹੈ ਤਾਂ ਇਤਿਹਾਸ ਅਤੇ ਫਿਲਾਸਫੀ ਜਾਨਣੀ ਜਰੂਰੀ ਹੈ।

? **ਤੁਹਾਡੀ ਆਪਣੇ ਪਿਤਾ ਨਾਲ ਅਸਹਿਮਤੀ ਬਣੀ ਰਹੀ। ਇਕ ਟਕਰਾਅ ਹਮੇਸ਼ਾ ਰਿਹਾ।**

– ਟਕਰਾਅ ਤਾਂ ਮੇਰੀ ਪੂਰੀ ਜ਼ਿੰਦਗੀ ਦਾ ਹਿੱਸਾ ਰਿਹਾ ਹੈ। ਰਹੇਗਾ ਹੀ। ਜਦੋਂ ਤੁਸੀਂ ਆਪਣੇ ਨਿੱਜੀ ਫਾਇਦੇ ਨੂੰ ਛੱਡ ਕੇ, ਲੋਕਾਂ ਦੀ ਗੱਲ ਕਰੋਗੇ ਤਾਂ ਪਿਤਾ ਨਾਲ, ਸੱਤਾ ਨਾਲ, ਉੱਚੇ ਅਹੁਦੇ 'ਤੇ ਬੈਠੇ ਲੋਕਾਂ ਨਾਲ ਟਕਰਾਅ ਰਹੇਗਾ। ਮੈਂ ਤੁਹਾਨੂੰ ਆਪਣੇ ਪਿਤਾ ਦੀ ਸਿੱਖਿਆ ਦੱਸਦਾ। ਉਹ ਕੀ ਕਹਿੰਦੇ ਸੀ। ਉਹ ਕਹਿੰਦੇ ਹੁੰਦੇ, ਤੂਫਾਨਾਂ ਤੋਂ ਬਚ ਕੇ ਰਹੋ। ਨਰਮ ਤੇ ਸੁਖਾਵੇਂ ਬਣੋ। ਜਿਸ ਤੋਂ ਨਰਾਜ਼ਗੀ ਪੈਦਾ ਹੁੰਦੀ ਹੈ, ਉਸ ਤੋਂ ਦੂਰ ਰਹੋ। ਮਤਲਬ ਆਪਣਾ ਹਿੱਤ ਸਾਹਮਣੇ ਰੱਖੋ ਤੇ ਜਿਵੇਂ ਕਿਵੇਂ ਸਮਝੌਤੇ ਵਾਲੀ ਜ਼ਿੰਦਗੀ ਜੀਉ। ਜਿਸ ਤਰ੍ਹਾਂ ਦੀ ਵਿਵਸਥਾ ਹੈ, ਉਸੇ ਤਰ੍ਹਾਂ ਢਲ ਜਾਉ। (ਰੁਕ ਕੇ) ਨਹੀਂ ਢੱਲ ਸਕਿਆ। ਨਿਸ਼ਾਨਾ ਹੀ ਦੂਸਰਿਆਂ ਨੂੰ ਖੁਸ਼ ਕਰਨਾ ਚੁਣ ਲਿਆ ਸੀ।

? **ਕੀ ਤੁਹਾਡੀ ਵਿਚਾਰਧਾਰਾ ਦੇ ਵਿਰੋਧ ਦਾ ਇਹ ਤਾਂ ਕਾਰਨ ਨਹੀਂ ਕਿ ਤੁਸੀਂ ਧਰਮ ਨੂੰ ਅਫੀਮ ਕਿਹਾ ਤੇ ਲੋਕਾਂ ਨੂੰ ਮੌਕਾ ਮਿਲ ਗਿਆ। ਮੁਆਫ਼ ਕਰਨਾ, ਧਰਮ ਦਾ ਦੁਨੀਆਂ ਭਰ ਵਿਚ ਦਬਦਬਾ ਹੈ। ਸਾਡੇ ਮੁਲਕ ਵਿਚ ਇਹ ਬਣਤਰ ਭਾਵੇਂ ਕੁਝ ਵਖਰੀ ਹੈ, ਪਰ ਕ੍ਰਿਸ਼ਚੀਅਨਿਟੀ, ਇਸਲਾਮ ਆਦਿ, ਇਨ੍ਹਾਂ ਦਾ ਬੜਾ ਫੈਲਾਅ ਹੈ, ਕੀ ਤੁਸੀਂ ਧਰਮ ਦੇ ਅਧਿਐਨ ਵਿਚ ਕਿਤੇ ਟਪਲਾ ਖਾ ਗਏ ਜਾਂ ਅਰਥ ਸ਼ਾਸਤਰ ਵਿਚ ਰੁਝੇਵਾਂ ਵੱਧ ਹੋਣ ਕਾਰਨ, ਇਹ ਵਿਸ਼ਾ ਪੂਰੀ ਤਰ੍ਹਾਂ ਅਧਿਐਨ ਨਹੀਂ ਹੋ ਸਕਿਆ।**

– ਹੁਣ ਜੇ ਮੈਂ ਕਹਾਂਗਾ ਕਿ ਧਰਮ ਬਾਰੇ ਮੇਰੀ ਸਮਝ ਅਤੇ ਵਿਆਖਿਆ ਤੋਂ ਤੁਸੀਂ ਵਾਕਫ ਨਹੀਂ ਹੋ ਤਾਂ ਤੁਹਾਨੂੰ ਬੁਰਾ ਲੱਗੇਗਾ। 'ਧਰਮ ਅਫੀਮ ਹੈ' ਇਨ੍ਹਾਂ ਤਿੰਨ ਲਫ਼ਜ਼ਾਂ ਨੂੰ ਹੀ ਫੜ ਲਿਆ ਗਿਆ ਤੇ ਪੂੰਜੀਵਾਦੀ ਵਿਵਸਥਾ ਅਤੇ ਉਸ ਦੀ ਸਹਿਯੋਗੀ ਸੰਸਥਾ ਧਰਮ ਨੇ, ਆਪਣੇ ਢੰਗ ਨਾਲ ਇਸ ਨੂੰ ਪ੍ਰਚਾਰਿਆ ਹੈ। ਵਿਸਥਾਰ ਵਿਚ ਨਾ ਗੱਲ ਕਰੀਏ। ਇਹ ਤਿੰਨ ਲਫ਼ਜ ਉਸ ਵਿਆਖਿਆ ਦਾ ਸਿੱਟਾ ਹੈ ਜੋ ਇੰਜ ਹੈ ਕਿ ਧਰਮ ਦੱਬੇ-ਕੁਚਲੇ ਪ੍ਰਾਣੀ ਦਾ ਹੌਕਾ ਹੈ, ਬੇਆਸਰੇ ਦੀ ਆਸ ਹੈ, ਸਹਾਰਾ ਹੈ। ਜਦੋਂ ਦੂਰ ਤਕ ਕਿਸੇ ਦਾ ਕੋਈ ਹੱਥ ਫੜਣ ਵਾਲਾ ਨਾ ਹੋਵੇ, ਦੂਰ ਤਕ ਆਸ ਦੀ ਕਿਰਨ ਨਾ ਦਿੱਸੇ ਤਾਂ ਕੋਈ ਕੀ ਕਰੇ? ਅਫੀਮ ਨਾਲ ਦਰਦ ਨੂੰ ਰਾਹਤ ਮਿਲਦੀ ਹੈ ਦੋਸਤ। ਚਾਹੇ ਵਕਤੀ ਹੀ ਸਹੀ। ਪਰ ਉਹ ਬੀਮਾਰੀ ਠੀਕ ਨਹੀਂ ਕਰਦੀ। ਮੇਰਾ ਕਹਿਣਾ ਸੀ, ਤੁਸੀਂ ਉਸ ਅਫੀਮ ਦੇ ਆਦੀ ਹੋਣ ਨੂੰ ਸਮਝੋ, ਆਪਣੀਆਂ ਜ਼ਿੰਦਗੀਆਂ ਨੂੰ ਅਫੀਮ ਦੇ ਹਵਾਲੇ ਨਾ ਕਰੋ, ਉਸ ਨਸ਼ੇ ਵਿਚੋਂ ਬਾਹਰ ਕੱਢੋ। ਮੇਰੀ ਵਿਚਾਰਧਾਰਾ ਨੂੰ ਆਪਣੇ ਨਾਂ ਨਾਲ ਜੋੜ ਕੇ ਕਾਰਜ਼ਸ਼ੀਲ ਹੋਣ ਵਾਲੇ ਦੋਸਤਾਂ ਲਈ ਸੁਨੇਹਾ ਸੀ ਕਿ ਉਹ ਸਭ, ਇਕ ਵੱਖਰੀ ਰਾਹਤ ਦੇ ਰੂਪ ਵਿਚ ਇਸ ਵਰਗ ਕੋਲ ਜਾਣ। ਕੋਈ ਸ਼ਾਨਦਾਰ ਜ਼ਿੰਦਗੀ ਦੀ ਠਾਰ ਬਣ ਕੇ। ਪਰ ਕੀਤਾ ਕੀ, ਸਭ ਨੇ ਅਫੀਮ ਨੂੰ ਉਨ੍ਹਾਂ ਦੇ ਪਲੜੇ 'ਚੋਂ, ਖਿੱਚਣਾ ਚਾਹਿਆ ਤੇ ਦਿੱਤਾ ਕੁਝ ਨਹੀਂ। ਉਹ ਜਦੋਂ ਤੜਫੇ ਤਾਂ ਫਿਰ ਪੂੰਜੀਵਾਦ ਦੀ ਝੋਲੀ ਵਿਚ ਜਾਣਾ ਹੀ ਸੀ।

? **ਇਕ ਗੱਲ ਇਹ ਵੀ ਕਹੀ ਜਾਂਦੀ ਹੈ ਕਿ ਜ਼ਿੰਦਗੀ ਵਿਚ ਸਿਰਫ਼ ਪੈਸਾ ਹੀ ਸਭ ਕੁਝ ਨਹੀਂ ਹੁੰਦਾ। ਲੋਕ ਭੁੱਖੇ ਰਹਿ ਕੇ ਵੀ ਖੁਸ਼ ਰਹਿ ਸਕਦੇ ਹਨ। ਮਤਲਬ ਇਹ ਦੋਸ਼ ਕਹਿ**

ਲਵੋ ਜਾਂ ਕਮੀ ਕਹਿ ਲਵੋ, ਤੁਸੀਂ ਮਨੁੱਖ ਦੇ ਮਨੋਵਿਗਿਆਨ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ।

– ਇਥੇ ਮੈਂ ਇਕ ਵਾਰੀ ਫਿਰ ਇਹ ਗੱਲ ਕਹਿਣ ਵਿਚ ਗੁਰੇਜ ਨਹੀਂ ਕਰਾਂਗਾ ਕਿ ਮੇਰੇ ਆਲੋਚਨਾਂ ਕਰਨ ਵਾਲਿਆਂ ਅਤੇ ਤੁਸੀਂ ਵੀ ਮੇਰੀਆਂ ਸਾਰੀਆਂ ਲਿਖਤਾਂ ਨੂੰ ਨਹੀਂ ਪੜ੍ਹਿਆ। ਮੇਰਾ ਐਲੀਨੇਸ਼ਨ ਦਾ ਸਿਧਾਂਤ, ਮਨੁੱਖ ਦਾ ਜ਼ਿੰਦਗੀ ਤੋਂ ਓਪਰਾਪਨ, ਆਪਣੇ ਆਪ ਤੋਂ ਟੁੱਟ ਜਾਣਾ, ਹੋਰ ਕੀ ਹੈ? ਇਸ ਟੁੱਟ ਦਾ, ਨਿਰਾਸ਼ਾ ਅਤੇ ਉਦਾਸੀ ਦਾ ਪਿਛੋਕੜ ਅਰਥਸ਼ਾਸਤਰ ਹੈ। ਜਦੋਂ ਇਕ ਮਜ਼ਦੂਰ, ਆਪਣੀ ਜ਼ਿੰਦਗੀ ਲਾ ਕੇ, ਹੱਡ-ਤੋੜਵੀਂ ਮੇਹਨਤ ਕਰਕੇ, ਇਕ ਪੂੰਜੀਪਤੀ ਨੂੰ ਅਮੀਰ ਤੋਂ ਅਮੀਰ ਕਰਦਾ ਜਾਂਦਾ ਹੈ ਤੇ ਆਪਣੀ ਜ਼ਿੰਦਗੀ ਨਰਕ ਵਰਗੀ। ਕੀ ਤੁਸੀਂ ਸੋਚਦੇ ਹੋ ਉਹ ਇਹ ਕੰਮ ਖੁਸ਼ੀ ਨਾਲ ਕਰਦਾ ਹੈ? ਮਜਬੂਰੀਵਸ ਕਰਦਾ ਹੈ? ਉਸ ਨੇ ਆਪਣਾ ਢਿੱਡ ਭਰਨਾ ਹੁੰਦਾ ਹੈ, ਆਪਣੇ ਬੱਚਿਆਂ ਨੂੰ ਪਾਲਣਾ ਹੁੰਦਾ ਹੈ। ਖੁਸ਼ੀ ਦਾ ਸੋਮਾ ਬਰਾਬਰੀ ਵਾਲੇ ਸਮਾਜ ਵਿਚ ਹੈ। ਪੂੰਜੀਵਾਦੀ ਸ਼ੋਸ਼ਿਤ ਸਮਾਜ ਵਿਚ ਉਹ ਸੰਭਵ ਹੀ ਨਹੀਂ ਹੈ।

? **ਤੁਹਾਡਾ ਨਾਂ ਜਦੋਂ ਲਿਆ ਜਾਂਦਾ, ਏਂਗਲ ਦਾ ਨਾਂ ਆਪਣੇ ਆਪ ਮੂੰਹੋਂ ਨਿਕਲ ਜਾਂਦਾ ਹੈ। ਕਈ ਵਾਰ ਲਗਦਾ ਹੈ ਜਿਵੇਂ ਇਹ ਇਕੋ ਹੀ ਨਾਂ ਹੋਵੇ। ਉਨ੍ਹਾਂ ਦੀ ਤੁਹਾਡੀ ਜ਼ਿੰਦਗੀ ਵਿਚ ਕੀ ਭੂਮਿਕਾ ਹੈ।**

– ਬਹੁਤ ਸਹੀ ਕਿਹਾ। ਉਸਦੇ ਬਿਨਾਂ ਮੈਂ ਅਧੂਰਾ ਹੀ ਹਾਂ। ਏਂਗਲ ਦਾ ਮੇਰੀ ਪੂਰੀ ਜ਼ਿੰਦਗੀ ਵਿਚ, ਲੇਖਣ, ਵਿਚਾਰਧਾਰਾ ਤੋਂ ਲੈ ਕੇ ਘਰ ਚਲਾਉਣ ਤਕ ਹਰ ਥਾਂ ਉਸਦਾ ਹੱਥ ਹੈ। ਉਸਨੇ ਜੋ ਮੇਰੀ ਵਿਚਾਰਧਾਰਾ ਨੂੰ ਨਵਾਂ ਮੋੜ ਦਿੱਤਾ ਹੈ, ਉਹ ਹੈ ਰਾਜਨੀਤਕ ਆਰਥਿਕਤਾ, ਜਿਸ ਦਾ ਜਿਕਰ ਘੱਟ ਹੁੰਦਾ ਹੈ। ਦੇਸ਼ ਦੀ ਅਰਥ ਵਿਵਸਥਾ ਦਾ, ਦੇਸ਼ ਦੀ ਰਾਜਨੀਤੀ ਨਾਲ ਇਕ ਅਹਿਮ ਅਤੇ ਫੈਸਲਾਕੁੰਨ ਗਠਜੋੜ ਹੁੰਦਾ ਹੈ। ਹੁਣ ਤੁਸੀਂ ਸੁਣਦੇ ਹੋ ਕਿ ਦੇਸ਼ ਨੂੰ ਪੂੰਜੀਵਾਦੀ-ਸਰਮਾਏਦਾਰ ਚਲਾ ਰਹੇ ਹਨ। ਉਹ ਨਿਯਮ ਬਨਾਉਂਦੇ ਹਨ ਆਪਣੇ ਨੁਮਾਇੰਦੇ ਰਾਜਨੀਤੀ ਵਿਚ ਬੈਠਾਉਂਦੇ ਹਨ। ਇਹ ਸਮਝ ਸਭ ਤੋਂ ਪਹਿਲਾਂ ਏਂਗਲ ਨੇ ਦਿੱਤੀ।

? **ਇਸੇ ਤਰ੍ਹਾਂ ਤੁਹਾਡੀ ਜ਼ਿੰਦਗੀ ਵਿਚ ਜੇਨੀ ਦੀ ਭੂਮਿਕਾ ਵੀ ਉਭਾਰੀ ਜਾਂਦੀ ਹੈ।**

– ਬਿਲਕੁਲ। ਮੈਂ ਕਹਾਂਗਾ ਕਿ ਜੇਕਰ ਜ਼ਿੰਦਗੀ ਵਿਚ ਏਂਗਲ ਵਰਗੇ ਦੋਸਤ ਹੋਣ ਤੇ ਜੇਨੀ ਵਰਗੀ ਪਤਨੀ ਤਾਂ ਵਿਅਕਤੀ ਜਿਨਾਂ ਚਾਹੇ ਵੱਡਾ ਕੰਮ ਕਰ ਸਕਦਾ ਹੈ। ਜੇਨੀ ਨੇ ਮੇਰੇ ਕੰਮ ਦੇ ਰੁਝੇਵੇਂ ਨੂੰ ਸਮਝਦੇ ਹੋਏ, ਮੈਨੂੰ ਬਿਲਕੁਲ ਪਰੇਸ਼ਾਨ ਨਹੀਂ ਕੀਤਾ। ਖੁਦ ਉਹ ਭੁੱਖੀ ਰਹੀ। ਪੈਸੇ ਦੀ ਕਿੱਲਤ ਵੇਲੇ ਮਕਾਨ

ਮਾਲਿਕ ਨੇ ਘਰੋਂ ਕੱਢ ਦਿੱਤਾ। ਇਕ ਬੱਚੇ ਦੀ ਮੌਤ ਹੋ ਗਈ, ਉਸ ਦੇ ਕਫ਼ਨ ਲਈ ਪੈਸੇ ਨਹੀਂ ਸਨ। ਉਹ ਸਭ ਉਸ ਨੇ ਆਪਣੇ ਉਪਰ ਹੰਢਾਇਆ ਤੇ ਮੈਨੂੰ ਕੰਮ ਕਰਨ ਦਿੱਤਾ। ਉਹ ਇਕ ਅਮੀਰ ਪਰਿਵਾਰ ਤੋਂ ਸੀ, ਪਰ ਫਿਰ ਵੀ ਕਦੀ ਸ਼ਿਕਾਇਤ ਨਹੀਂ ਕੀਤੀ। ਇਨ੍ਹਾਂ ਪਰੇਸ਼ਾਨੀਆਂ ਦੇ ਚਲਦਿਆਂ, ਉਸ ਨੇ ਸਗੋਂ ਖੁਦ ਆਪਣੇ ਪਿੰਡੇ 'ਤੇ ਇਹ ਗ਼ਰੀਬੀ, ਭੁੱਖ, ਲਾਚਾਰੀ ਨੂੰ ਹੰਢਾਇਆ ਕੀਤਾ ਤੇ ਕਿਹਾ ਕਿ ਮੈਨੂੰ ਪਤਾ ਹੈ ਮਾਰਕਸ ਕਿਨ੍ਹਾਂ ਲਈ ਕੰਮ ਕਰ ਰਿਹਾ ਹੈ। ਉਹ ਜ਼ਰੂਰੀ ਹੈ।

? **ਹੁਣ ਕੁਝ ਕੁ ਸਵਾਲ ਆਪਣੇ ਇਸ ਭਾਰਤ ਦੇਸ਼ ਦੇ ਸੰਦਰਭ ਵਿਚ। ਤੁਹਾਨੂੰ ਇਥੋਂ ਦੇ, ਤੁਹਾਡੇ ਪੈਰੋਕਾਰਾਂ ਦੀ ਖ਼ਬਰ ਹੋਵੇਗੀ ਹੀ।**

– ਵੈਸੇ ਤਾਂ ਹਰ ਪਾਸੇ ਹੀ ਇਕੋ ਹਾਲ ਹੈ। ਸਾਡੇ ਮੈਨੀਫੈਸਟੋ ਦੀ ਪਹਿਲੀ ਲਾਈਨ ਹੀ ਭੁੱਲ ਗਏ ਨੇ, 'ਦੁਨੀਆਂ ਭਰ ਦੇ ਮਜ਼ਦੂਰੋ ਇਕ ਹੋ ਜਾਉ।' ਅਤੇ ਸਭ ਤੋਂ ਮਹੱਤਵ, ਕੇਂਦਰੀ ਨੁਕਤਾ ਹੈ, ਬਹਿਸ, ਚਰਚਾ, ਵਿਚਾਰ, ਵਿਰੋਧੀ ਵਿਚਾਰ, ਨਵਾਂ ਵਿਚਾਰ। ਉਹ ਗਾਇਬ ਹੈ। ਅੰਧ ਸ਼ਰਧਾ ਹੈ, ਜਿਸ ਦਾ ਮੈਂ ਵਿਰੋਧੀ ਰਿਹਾ ਹਾਂ। ਹਰ ਉਸ ਆਗੂ ਦੀ ਤਰ੍ਹਾਂ, ਖਾਸ ਕਰ ਧਾਰਮਿਕ ਆਗੂਆਂ ਵਾਂਗ, ਉਸ ਦੀਆਂ ਕੁਝ ਤੁਕਾਂ, ਅਖਾਣਾਂ ਨੂੰ ਬ੍ਰਹਮ ਵਾਕ ਸਮਝ ਕੇ ਉਚਾਰਨਾ। ਉਨ੍ਹਾਂ ਨੂੰ ਸਮੇਂ ਦੇ ਹਾਣ ਦਾ ਨਾ ਬਨਾਉਣਾ। ਇਹੀ ਕਾਰਨ ਹੈ ਕਿ ਪਛੜ ਗਏ ਹਨ। ਇਹੀ ਕਾਰਨ ਹੈ ਕਿ ਪੂੰਜੀਵਾਦ, ਜਿਸ ਨੇ ਲਗਾਤਾਰ ਸਿੱਖਣ ਅਤੇ ਆਪਣੇ ਆਪ ਨੂੰ ਸੋਧਣ ਦੀ ਪ੍ਰਕ੍ਰਿਆ ਅਪਣਾਈ ਤੇ ਹਮੇਸ਼ਾ ਨਵਾਂ ਨਰੋਇਆ ਬਣ ਕੇ ਰੱਖਿਆ ਤੇ ਪੇਸ਼ ਕੀਤਾ ਹੈ।

• **ਗੱਲਾਂ ਤਾਂ ਬਹੁਤ ਹੋ ਸਕਦੀਆਂ ਨੇ। ਕਿੰਨੇ ਹੀ ਹੋਰ ਪੱਖ ਅਣਛੋਹੇ ਰਹੇ। ਚਲੋ ਫਿਰ ਸਬਬ ਬਣਿਆ ਤਾਂ ਮਿਲਾਂਗੇ, ਵਿਚਾਰਾਂਗੇ। ਫਿਲਹਾਲ, ਸ਼ੁਕਰੀਆ।**

❀

ਸਾਹਿਤ ਦੀ ਸਰਪ੍ਰਸਤੀ ਤਲਾਸ਼ਦਾ ਸਕੂਲ

ਸਕੂਲ, ਸਿੱਖਿਆ ਸੰਸਥਾਨ ਬਾਰੇ ਜੇ ਅੱਜ ਕੋਈ ਸੋਚਦਾ ਹੈ ਤਾਂ ਸਿਲੇਬਸ, ਇਮਤਿਹਾਨ, ਗ੍ਰੇਡ, ਕੈਰੀਅਰ— ਅਜਿਹੇ ਲਫ਼ਜ ਹੀ ਦਿਮਾਗ਼ 'ਚ ਆਉਂਦੇ ਹਨ। ਸਰਵ-ਪੱਖੀ ਸ਼ਖ਼ਸੀਅਤ ਵਿਕਾਸ ਦੇ ਤੌਰ ਤੇ ਇਨ੍ਹਾਂ ਸੰਸਥਾਵਾਂ ਦੀ ਭੂਮਿਕਾ ਹੌਲੀ-ਹੌਲੀ ਮਾਂਪਿਆਂ ਸਮੇਤ ਅਧਿਆਪਕਾਂ ਦੇ ਜਹਿਨ ਵਿਚੋਂ ਵੀ ਮਨਫੀ ਹੋ ਰਹੀ ਹੈ। ਬਹੁਤ ਹੀ ਘੱਟ, ਗਿਣਵੇਂ-ਚੋਣਵੇਂ ਹੀ ਅਦਾਰੇ, ਇਨ੍ਹਾਂ ਉਪਰ ਆਪਣਾ ਧਿਆਨ ਕੇਂਦ੍ਰਿਤ ਕਰਨ ਵਾਲੇ ਮਿਲਣਗੇ। ਫਾਜ਼ਿਲਕਾ ਜ਼ਿਲੇ ਦੇ, ਅਬੋਹਰ ਸ਼ਹਿਰ ਨੇੜੇ ਕੇਰਾ ਖੇੜਾ ਪਿੰਡ ਵਿਚ ਹੈ, ਅਜਿਹੀ ਸੰਸਥਾ ਜੋ ਸਕੂਲ ਦੇ ਸਮਾਗਮ ਅਤੇ ਵੈਸੇ ਵੀ ਸਾਹਿਤਕਾਰਾਂ ਨੂੰ ਬੁਲਾ-ਬੁਲਾ ਕੇ ਬੱਚਿਆਂ ਨਾਲ ਰੂ-ਬ-ਰੂ ਕਰਵਾਉਂਦੇ ਨੇ। ਉਨ੍ਹਾਂ ਦੇ ਮਨ ਵਿਚ ਹੈ, ਬੱਚਿਆਂ ਨੂੰ ਸਭ ਤੋਂ ਚੰਗੀ ਸੇਧ, ਲਿਖਾਰੀ ਹੀ ਦੇ ਸਕਦਾ ਹੈ। ਇਸ ਸਕੂਲ ਦੇ ਸੰਚਾਲਕ ਰਾਜ ਕੁਮਾਰ ਨਾਲ ਕਰਦੇ ਹਾਂ ਕੁਝ ਗੱਲਾਂ।

-ਸੰਪਾਦਕ

? **ਸਕੂਲ ਵਿਚ ਸਾਹਿਤਕਾਰਾਂ ਨੂੰ ਬੁਲਾਉਣ ਅਤੇ ਬੱਚਿਆਂ ਨੂੰ ਉਹਨਾਂ ਨਾਲ ਮਿਲਾਉਣ ਪਿੱਛੇ ਕੀ ਸੋਚ ਹੈ?**

- ਅੱਜ-ਕੱਲ੍ਹ ਦੀ ਨੌਜਵਾਨ ਪੀੜ੍ਹੀ ਕਿਤਾਬਾਂ ਤੋਂ ਦੂਰ ਹੁੰਦੀ ਜਾ ਰਹੀ ਹੈ। ਇਸ ਲਈ ਜੇਕਰ ਉਹਨਾਂ ਨੂੰ ਸਾਹਿਤਕਾਰਾਂ ਨਾਲ ਮਿਲਾਇਆ ਜਾਵੇ ਤੇ ਉਹਨਾਂ ਨੂੰ ਉਹਨਾਂ ਦੀਆਂ ਰਚਨਾਵਾਂ ਬਾਰੇ ਦੱਸਿਆ ਜਾਵੇ ਤਾਂ ਉਹ ਕਿਤਾਬਾਂ ਪੜ੍ਹਨ ਪ੍ਰਤੀ ਤੇ ਸਾਹਿਤ ਪ੍ਰਤੀ ਪ੍ਰੇਰਿਤ ਹੋ ਸਕਣ। ਇਸ ਦੇ ਨਾਲ ਹੀ ਜਿੰਨ੍ਹਾਂ ਬੱਚਿਆਂ ਕੋਲ ਮੌਲਿਕ ਰਚਨਾ ਲਿਖਣ ਦੀ ਕਲਾ ਹੈ, ਉਹਨਾਂ ਨੂੰ ਉਸ ਪ੍ਰਤੀ ਹੋਰ ਜਾਗਰੂਕ ਕੀਤਾ ਜਾ ਸਕੇ। ਤਾਂ ਜੋ ਉਹ ਭਵਿੱਖ ਵਿੱਚ ਚੰਗੇ ਸਾਹਿਤਕਾਰ ਬਣ ਸਕਣ।

? **ਬੱਚਿਆਂ ਦੀ ਸ਼ਖ਼ਸੀਅਤ ਉਸਾਰੀ ਲਈ ਪੜ੍ਹਾਈ, ਸੱਭਿਆਚਾਰਕ ਪ੍ਰੋਗਰਾਮਾਂ ਤੋਂ ਇਲਾਵਾ ਹੋਰ ਕੀ ਖਾਸ ਹੈ, ਜੋ ਆਮ ਸਕੂਲਾਂ ਵਿਚ ਨਹੀਂ ਹੁੰਦਾ?**

- ਬੱਚਿਆਂ ਨੂੰ ਪੜ੍ਹਾਈ ਤੋਂ ਇਲਾਵਾ, ਉਹਨਾਂ ਦੇ ਸਰਵਪੱਖੀ ਵਿਕਾਸ ਲਈ ਜਿਵੇਂ ਕਿ ਪਰਿਵਾਰ ਵਿਚ ਕਿਵੇਂ ਰਹਿਣਾ ਹੈ, ਸਮਾਜ ਵਿਚ ਕਿਵੇਂ ਵਿਚਰਨਾ ਆਦਿ ਗੱਲਾਂ ਸਿਖਾਉਣ ਲਈ ਹਰ ਰੋਜ਼ ਨੈਤਿਕ ਗੱਲਾਂ ਦੱਸੀਆਂ ਜਾਂਦੀਆਂ ਹਨ ਤਾਂ ਜੋ ਉਹ ਸਮਾਜ ਨੂੰ ਸਮਝ ਸਕਣ ਤੇ ਇਸ ਵਿਚਲੀਆਂ ਉਨਤਾਈਆਂ ਨੂੰ ਖ਼ਤਮ ਕਰ ਸਕਣ ਜਾਂ ਫਿਰ ਇਹਨਾਂ ਨੂੰ ਦੂਰ ਕਰਨ ਦੀ ਇੱਛਾ ਰੱਖ ਕੇ ਇੱਕ ਚੰਗੇ ਇਨਸਾਨ ਬਣ ਸਕਣ। ਇਸ ਤੋਂ ਇਲਾਵਾ ਵੱਖ-ਵੱਖ ਸੈਮੀਨਾਰ ਲਗਾਏ ਜਾਂਦੇ ਹਨ ਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਏ ਜਾਂਦੇ ਹਨ ਤਾਂ ਜੋ ਬੱਚੇ ਦੀ ਛੁਪੀ ਕਲਾ ਨੂੰ ਸਾਹਮਣੇ ਲਿਆਇਆ ਜਾ ਸਕੇ।

? **ਇਸ ਤਰ੍ਹਾਂ ਦੀ ਨਵੇਕਲੀ ਸੋਚ ਪਿੱਛੇ ਕਿਸਦਾ ਹੱਥ ਹੈ? ਕਿਸ ਤੋਂ ਪ੍ਰਭਾਵਿਤ ਹੋ ਕੇ ਅਜਿਹੇ ਸਕੂਲ ਬਾਰੇ ਸੋਚਿਆ?**

- ਇਸ ਪਿੱਛੇ ਮੇਰੇ ਪਿਤਾ ਸ਼੍ਰੀ ਹਰੀ ਰਾਮ ਜੀ ਦਾ ਹੱਥ ਹੈ। ਉਹ ਅਧਿਆਪਕ ਕਿੱਤੇ ਨਾਲ ਜੁੜੇ ਹੋਏ ਹਨ ਤੇ ਉਹਨਾਂ ਦੀ ਇਹ ਸੋਚ ਹੈ ਕਿ ਇਸ ਰਾਹੀਂ ਸਮਾਜ-ਸੇਵਾ ਕਰਨੀ ਹੈ ਨਾ ਕਿ ਇਸ ਨੂੰ ਸਿਰਫ਼ ਇੱਕ ਪੇਸ਼ਾ ਸਮਝਣਾ ਹੈ। ਉਹਨਾਂ ਤੋਂ ਹੀ ਪ੍ਰਭਾਵਿਤ ਹੋ ਕੇ ਇਹ ਸਕੂਲ ਬਣਾਇਆ ਜਿਸ ਦਾ ਮਨੋਰਥ ਪੈਸਾ ਕਮਾਉਣਾ ਨਹੀਂ ਸਮਾਜ ਵਿਚ ਚੰਗੀ ਸਿੱਖਿਆ ਦਾ ਪਸਾਰ ਕਰਨ ਦਾ ਇੱਕ ਯਤਨ ਹੈ।

? **ਸਟਾਫ਼ ਵੱਲੋਂ ਪੂਰਾ ਸਹਿਯੋਗ ਕਿਵੇਂ ਲੈਂਦੇ ਹੋ?**

- ਸਟਾਫ਼ ਨਾਲ ਹਰ ਵਿਸ਼ੇ 'ਤੇ ਗੱਲ-ਬਾਤ ਕਰਨਾ ਤੇ ਉਹਨਾਂ ਦੇ ਦੁੱਖ-ਸੁੱਖ ਵਿਚ ਸਾਂਝ ਬਣਾਈ ਰੱਖਣਾ ਤੇ ਉਹਨਾਂ ਦੇ ਦੁੱਖ ਨੂੰ ਆਪਣਾ ਦੁੱਖ ਤੇ ਉਹਨਾਂ ਦੇ ਸੁੱਖ ਨੂੰ ਆਪਣਾ ਸੁੱਖ ਸਮਝਣਾ ਤਾਂ ਜੋ ਉਹਨਾਂ ਨੂੰ ਇਹ ਅਹਿਸਾਸ ਹੋਵੇ ਕਿ ਇਹ ਕਿਸੇ ਇਕ ਵਿਅਕਤੀ ਦੀ ਸੰਸਥਾ ਨਹੀਂ ਬਲਕਿ ਉਹਨਾਂ ਦੀ ਆਪਣੀ ਸੰਸਥਾ ਹੈ। ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਉਹਨਾਂ ਦੀ ਰਾਇ ਲੈਣਾ ਤਾਂ ਜੋ ਉਹ ਬੱਚਿਆਂ ਅਤੇ ਅਧਿਆਪਕਾਂ ਦੇ ਹਿੱਤ ਵਿਚ ਹੋਵੇ।

? **ਤੁਹਾਡੇ ਮਨ ਵਿਚ ਕੁਝ ਕਰਨ ਦਾ ਸੁਪਨਾ ਹੋਵੇਗਾ ਤਾਂ ਉਹ ਕੀ ਹੈ?**

- ਮੇਰਾ ਇਹੀ ਸੁਪਨਾ ਹੈ ਕਿ ਬੱਚਿਆਂ ਵਿਚ ਅਜਿਹੀ ਸੋਚ ਪੈਦਾ ਹੋਵੇ ਕਿ ਉਹ ਪੜ੍ਹਾਈ ਸਿਰਫ਼ ਨੰਬਰ ਲੈਣ ਲਈ ਨਾ ਕਰਨ ਬਲਕਿ ਇਸ ਦਾ ਸਹੀ ਅਰਥ ਸਮਝ ਕੇ ਉਸ ਨੂੰ ਆਪਣੇ ਜੀਵਨ ਵਿਚ ਅਮਲ ਕਰਨ ਤੇ ਵੱਧ ਤੋਂ ਵੱਧ ਗਿਆਨ ਲੈਣ। ਕਿਉਂਕਿ ਜ਼ਿਆਦਾਤਰ ਬੱਚੇ ਇਸ ਸਮੇਂ ਨੰਬਰਾਂ ਪਿੱਛੇ ਭੱਜ ਰਹੇ ਹਨ, ਪਰ ਨੰਬਰਾਂ ਤੋਂ ਉਹਨਾਂ ਦੇ ਗਿਆਨ ਦਾ ਮੁਲਾਂਕਣ ਨਹੀਂ ਕੀਤਾ ਜਾ ਸਕਦਾ।

? **ਸ਼ੁਰੂ ਵਿਚ ਜੇਕਰ ਤੁਹਾਨੂੰ ਕੋਈ ਦਿੱਕਤਾਂ ਆਈਆਂ ਤਾਂ ਤੁਸੀਂ ਉਹਨਾਂ ਨੂੰ ਕਿਵੇਂ ਪਾਰ ਕੀਤਾ?**

- ਸ਼ੁਰੂਆਤੀ ਦਿਨਾਂ ਵਿਚ ਕਰਵਾਏ ਜਾਂਦੇ ਸੱਭਿਆਚਾਰਕ ਪ੍ਰੋਗਰਾਮਾਂ ਦਾ ਇਥੋਂ ਦੇ ਵਸਨੀਕ ਵਿਰੋਧ ਕਰਦੇ ਸਨ। ਉਹਨਾਂ ਦੁਆਰਾ ਬੱਚਿਆਂ ਦਾ ਖ਼ਾਸਕਰ ਲੜਕੀਆਂ ਦਾ ਇਹਨਾਂ ਵਿਚ ਭਾਗ ਲੈਣਾ ਚੰਗਾ ਨਹੀਂ ਸਮਝਿਆ ਜਾਂਦਾ ਸੀ। ਖਾਸਕਰ ਪਿਛਾਂਹਖਿੱਚੂ ਸੋਚ ਦੇ ਲੋਕ ਇਸ ਦੇ ਖਿਲਾਫ਼ ਸਨ। ਪਰ ਹੁਣ ਸੱਤ-ਅੱਠ ਸਾਲਾਂ ਵਿਚ ਸਾਡੇ ਯਤਨਾਂ ਸਦਕਾ ਉਹਨਾਂ ਨੂੰ ਇਹ ਸਮਝ ਆ ਗਿਆ ਕਿ ਪੜ੍ਹਾਈ ਦੇ ਨਾਲ ਇਹਨਾਂ ਦਾ ਵੀ ਜੀਵਨ ਵਿਚ ਬਹੁਤ ਮਹੱਤਵ ਹੈ। ਤੇ ਹੁਣ ਉਹੀ ਲੋਕ ਸਕੂਲ ਵਿਚ ਕਰਵਾਏ ਜਾਂਦੇ ਸੱਭਿਆਚਾਰਕ ਪ੍ਰੋਗਰਾਮ ਵਿਚ ਆਪਣੇ ਬੱਚਿਆਂ ਨੂੰ ਭਾਗ ਦਿਵਾਉਣ ਲਈ ਜ਼ੋਰ ਦਿੰਦੇ ਹਨ ਤੇ ਇਸ ਵਿਚ ਆਪਣਾ ਸਾਥ ਦਿੰਦੇ ਹਨ। ਇਹ ਸਭ ਕੁਝ ਸਕੂਲ ਦੇ ਯਤਨਾਂ ਸਦਕਾ ਸੰਭਵ ਹੋਇਆ ਹੈ।

? **ਕੀ ਕਦੇ ਕਿਸੇ ਘਰਵਾਲੇ ਜਾਂ ਬਾਹਰਵਾਲੇ ਨੇ ਇਸ ਨੂੰ ਸਮੇਂ ਤੇ ਪੈਸੇ ਨੂੰ ਬਰਬਾਦ ਕਰਨ ਬਾਰੇ ਕਿਹਾ ਹੋਵੇ? ਇਸ ਤੇ ਤੁਹਾਡਾ ਕੀ ਜਵਾਬ ਸੀ?**

- ਕੁਝ ਲੋਕਾਂ ਤੋਂ ਅਜਿਹਾ ਸੁਣਨ ਨੂੰ ਮਿਲਦਾ ਹੈ ਪਰ ਮੇਰਾ ਇਹੀ ਜਵਾਬ ਹੈ ਕਿ ਸਕੂਲ ਅਜਿਹੇ ਸੱਭਿਆਚਾਰਕ ਪ੍ਰੋਗਰਾਮ ਤੇ ਵੱਖ-ਵੱਖ ਸੈਮੀਨਾਰ ਲਗਾਉਣ ਨਾਲ ਬੱਚਿਆਂ ਦੀ ਵਿਲੱਖਣ ਪ੍ਰਤਿਭਾ ਵਿਚ ਨਿਖਾਰ ਆਉਂਦਾ ਹੈ। ਸਮੇਂ-ਸਮੇਂ ਤੇ ਬੱਚਿਆਂ ਨੂੰ ਸਾਹਿਤਕਾਰਾਂ, ਅਦਾਕਾਰਾਂ, ਤਕਰਸ਼ੀਲਾਂ ਨਾਲ ਸੰਬੰਧਤ ਲੋਕਾਂ ਨਾਲ, ਖਿਡਾਰੀਆਂ ਆਦਿ ਨਾਲ ਮਿਲਾਉਣ ਕਰਕੇ ਬੱਚਿਆਂ ਦੀ ਜਿਸ ਚੀਜ਼ ਵਿਚ ਵੀ ਦਿਲਚਸਪੀ ਹੁੰਦੀ ਹੈ, ਉਹ ਆਪਣੀ ਉਸ ਪ੍ਰਤਿਭਾ ਨੂੰ ਹੋਰ ਨਿਖਾਰਨ ਲਈ ਯਤਨ ਕਰਦਾ ਹੈ। ਇਸ ਤਰ੍ਹਾਂ ਇਹ ਬੱਚਿਆਂ ਦੇ ਸਰਵਪੱਖੀ ਵਿਕਾਸ ਦੇ ਨਾਲ-ਨਾਲ ਉਹਨਾਂ ਦੀ ਵਿਲੱਖਣ ਪ੍ਰਤਿਭਾ ਦਾ ਵੀ ਵਿਕਾਸ ਹੁੰਦਾ ਹੈ।

? **ਕਿਸੇ ਵੀ ਟੂਰ ਤੇ ਜਾਣ ਵੇਲੇ ਰਾਹ ਵਿਚ ਰਹਿਣ ਵਾਲੇ ਸਾਹਿਤਕਾਰਾਂ ਨੂੰ ਮਿਲਣ ਪਿੱਛੇ ਕੀ ਮਨੋਰਥ ਹੈ?**

- ਵਿੱਦਿਅਕ ਟੂਰ ਤੇ ਜਾਣ ਵੇਲੇ ਉੱਥੋਂ ਦੇ ਰਹਿਣ ਵਾਲੇ ਸਾਹਿਤਕਾਰ ਨੂੰ ਮਿਲਣ ਪਿੱਛੇ ਇਹ ਮਨੋਰਥ ਹੈ ਕਿ ਉਹ ਉਸ ਜਗ੍ਹਾ ਦੇ ਇਤਿਹਾਸਕ ਪਿਛੋਕੜ, ਸੱਭਿਆਚਾਰ ਆਦਿ ਬਾਰੇ ਚੰਗੀ ਤਰ੍ਹਾਂ ਜਾਣੂ ਹੁੰਦੇ ਹਨ। ਉਹਨਾਂ ਨੂੰ ਮਿਲ ਕੇ ਉਹ ਸਾਨੂੰ ਇਹ ਸਾਰੀ

ਜਾਣਕਾਰੀ ਦੱਸਦੇ ਹਨ ਤੇ ਬੱਚੇ ਇਸ ਨੂੰ ਨੋਟ ਕਰਦੇ ਹਨ। ਇਸ ਤਰ੍ਹਾਂ ਵਿੱਦਿਅਕ ਟੂਰ ਦਾ ਮੰਤਵ ਸਾਰਥਕ ਹੋ ਜਾਂਦਾ ਹੈ ਕਿ ਜਿਸ ਜਗ੍ਹਾ ਤੇ ਅਸੀਂ ਗਏ ਉਸ ਬਾਰੇ ਬੱਚਿਆਂ ਨੂੰ ਸਾਰੀ ਜਾਣਕਾਰੀ ਮਿਲ ਜਾਂਦੀ ਹੈ। ਬੱਚਿਆਂ ਨੂੰ ਉੱਥੋਂ ਦੇ ਰਹਿਣ-ਸਹਿਣ, ਸੱਭਿਆਚਾਰ, ਖਾਣ-ਪੀਣ ਆਦਿ ਬਾਰੇ ਪਤਾ ਲੱਗਦਾ ਹੈ।

? **ਸਕੂਲ ਦੇ ਕਿਸੇ ਸਮਾਗਮ ਲਈ ਤੁਸੀਂ ਰਾਜਨੀਤਕ ਨੇਤਾਵਾਂ ਨੂੰ ਨਹੀਂ ਬੁਲਾਉਂਦੇ, ਕੋਈ ਖਾਸ ਵਜ੍ਹਾ?**

- ਮੈਂ ਸੱਚੀ ਦੱਸਾ ਜੀ, ਬੁਲਾਉਂਦੇ ਸੀ। ਸ਼ੁਰੂ ਵਿਚ ਇਕ ਦੋ ਵਾਰੀ ਬੁਲਾਏ। ਇਲਾਕੇ ਦੇ ਐਮ.ਐਲ.ਏ. ਨੂੰ ਬੁਲਾਇਆ। ਇਕ ਵਾਕਿਆ ਹੈ। ਅਸੀਂ ਬੁਲਾਉਣ ਲਈ ਉਨ੍ਹਾਂ ਦੀ ਸਹਿਮਤੀ ਲਈ, ਸਮਾਂ ਲਿਆ। ਕਾਰਡ ਛਾਪ ਕੇ, ਸੱਦਾ ਦੇ ਕੇ ਆਏ। ਸਾਡੀ ਰਿਵਾਇਤ ਹੈ, ਪ੍ਰੋਗਰਾਮ ਦਾ ਜੋ ਵੀ ਸਮਾਂ ਰਖਿਆ ਹੈ, ਉਸ 'ਤੇ ਸ਼ੁਰੂ ਕਰ ਦੇਣਾ। ਅਸੀਂ ਇੰਤਜਾਰ ਨਹੀਂ ਕਰਦੇ। ਐਮ.ਐਲ.ਏ ਸਾਹਿਬ ਆਏ ਨਹੀਂ। ਪ੍ਰੋਗਰਾਮ ਦੇ ਚਲਦਿਆਂ ਹੀ, ਜੋ ਕਿ ਇਕ ਵਜੇ ਮੁੱਕ ਜਾਣਾ ਸੀ, ਅੱਧਾ ਘੰਟਾ ਪਹਿਲਾਂ ਪੀ.ਏ. ਦਾ ਫੋਨ ਆਇਆ, "ਤੁਹਾਡੇ ਸਕੂਲ ਅੱਜ ਪ੍ਰੋਗਰਾਮ ਸੀ, ਸ਼ੁਰੂ ਤਾਂ ਨਹੀਂ ਕੀਤਾ ਅਜੇ।" ਮੈਂ ਕਿਹਾ, "ਉਹ ਤਾਂ ਅਸੀਂ ਕਰ ਦਿੱਤਾ, ਖ਼ਤਮ ਹੋਣ ਵਾਲਾ ਹੈ।" ਉਹ ਕਹਿੰਦਾ, "ਤੁਸੀਂ ਫੋਨ ਨਹੀਂ ਕੀਤਾ।" ਮੈਂ ਕਿਹਾ, "ਕਾਰਡ ਦੇ ਕੇ ਆਏ ਸੀ; ਸਮਾਂ ਉਨ੍ਹਾਂ ਤੋਂ ਲੈ ਕੇ ਲਿਖਿਆ ਹੈ। ਹੁਣ ਉਨਾਂ ਦਾ ਫਰਜ਼ ਹੈ ਕਿ ਉਹ ਫੋਨ ਕਰਨ। ਸਾਡੀ ਜ਼ਿੰਮੇਵਾਰੀ ਸੱਦਾ ਪੱਤਰ ਦੇਣ ਤੋਂ ਬਾਅਦ ਖਤਮ।"

  ਪ੍ਰੋਗਰਾਮ ਖ਼ਤਮ ਹੋਣ 'ਤੇ ਆਏ ਤੇ ਮਾਇਕ ਤੋਂ ਬੋਲਣ ਲੱਗੇ ਤਾਂ ਲੋਕੀਂ ਜਾਣ ਲੱਗੇ, ਸਮਾਂ ਕਾਫੀ ਹੋ ਗਿਆ ਸੀ, ਮੈਨੂੰ ਕਹਿੰਦੇ, "ਲੋਕਾਂ ਨੂੰ ਰੋਕੋ।" ਮੈਂ ਕਿਹਾ, "ਮਾਇਕ ਤੁਹਾਡੇ ਹੱਥ ਹੈ, ਤੁਸੀਂ ਰੋਕੋ।"

  ਇੱਕ ਗੱਲ ਹੋਰ, ਬੋਲਣਾ ਸ਼ੁਰੂ ਕੀਤਾ ਤਾਂ ਸਕੂਲ ਦਾ ਨਾਂ ਬੋਲਣ ਲਈ, ਪਿੱਛੇ ਮੁੜ ਕੇ ਫਲੈਕਸ 'ਤੇ ਦੇਖ ਕੇ ਬੋਲਿਆ। ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਕਿਹੜੇ ਸਕੂਲ ਜਾ ਰਹੇ ਹਾਂ। ਇਸ ਤਰ੍ਹਾਂ ਇਕ ਦੋ ਵਾਰੀ ਹੋਇਆ ਤੇ ਮੇਰਾ ਮਨ ਬਦਲ ਗਿਆ ਕਿ ਨਹੀਂ ਇਨ੍ਹਾਂ ਨੂੰ ਨਹੀਂ ਬੁਲਾਉਣਾ।

? **ਕੋਈ ਹੋਰ ਖਾਸ ਗੱਲ, ਜੋ ਤੁਸੀਂ ਦੱਸਣਾ ਚਾਹੁੰਦੇ ਹੋਵੋ?**

- ਸਾਡੇ ਸਕੂਲ ਵਿਚ ਹਮੇਸ਼ਾ ਬੱਚਿਆਂ ਦੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਵਿਕਸਿਤ ਕਰਨ ਵਿਚ ਪਹਿਲ ਰਹੀ ਹੈ। ਇਸ ਦੇ ਲਈ ਅਸੀਂ ਇਕ ਪੁਸਤਕ ਵੀ ਤਿਆਰ ਕੀਤੀ ਹੈ, ਜਿਸ ਵਿਚ ਸਾਡੇ ਅਧਿਆਪਕਾਂ ਅਤੇ ਬੱਚਿਆਂ ਦਾ ਵੱਡਾ ਯੋਗਦਾਨ ਹੈ। ਉਸ ਵਿਚ ਲੋਕਾਂ ਨੂੰ ਉਸਾਰੂ ਸੋਚ ਨਾਲ, ਪਾੱਜਟਿਵ ਰਹਿਣ ਦੀ ਪ੍ਰੇਰਣਾ ਦੇਣ ਦਾ ਉਪਰਾਲਾ ਹੈ।

❀

ਮੇਰੀ ਨਜ਼ਰ ਵਿਚ

ਕੰਮ ਵਿਚ ਤਸੱਲੀ, ਆਪਣੀ ਵੀ ਤੇ ਕਰਵਾਉਣ ਵਾਲੇ ਦੀ ਵੀ, ਇਹ ਮੂਲ ਮੰਤਰ ਰਿਹਾ ਹੈ, ਸਾਡੇ ਬਜ਼ੁਰਗਾਂ ਦਾ। 'ਬਹੁਤ ਕੰਮ ਲਿਆ' ਵਾਲੀ ਧਾਰਨਾ ਜਾਂ ਰਿਟਾਇਰਮੈਂਟ (ਸੇਵਾ ਮੁਕਤੀ) ਵਾਲਾ ਸੰਕਲਪ ਵੀ ਕਿਤੇ ਪੂੰਜੀਵਾਦੀ ਵਿਵਸਥਾ ਦੀ ਦੇਣ ਹੈ ਨਹੀਂ ਤਾਂ ਜਦ ਤਕ ਜਹਾਨ ਹੈ, ਕੰਮ ਕਰਨ ਦੀ ਹਿੰਮਤ ਹੈ ਤਾਂ ਕੰਮ ਕਰਨਾ ਹੈ। ਵਿਹਲਾ ਰਹਿਣਾ, ਕੰਮ ਤੋਂ ਮੁਕਤੀ ਕਦੇ ਵੀ ਮਨੁੱਖੀ ਫਿਤਰਤ ਦਾ ਹਿੱਸਾ ਨਹੀਂ ਰਿਹਾ ਹੈ। ਅਜਿਹੇ ਹੀ ਕੁਝ ਭਾਵ ਹਨ ਅਮਰੀਕ ਸਿੰਘ ਦੀ ਜ਼ਿੰਦਗੀ ਨਾਲ ਜੁੜੇ। –ਸੰਪਾਦਕ

ਮਿਹਨਤਕਸ਼ ਭਾਪਾ ਅਮਰੀਕ ਸਿੰਘ / ਊਸ਼ਾ ਦੀਪਤੀ

ਸਾਡੇ ਘਰ ਇਕ ਬਜ਼ੁਰਗ ਕਾਰਪੇਂਟਰ ਅਕਸਰ ਕੰਮ ਕਰਨ ਆਉਂਦੇ ਹਨ। ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਪਿਛਲੇ ਕਈ ਸਾਲਾਂ ਤੋਂ ਕੋਈ ਵੀ ਲੱਕੜ ਦਾ ਕੰਮ ਹੁੰਦਾ ਹੈ, ਉਹੀ ਆਉਂਦੇ ਹਨ। ਪਿੱਛੇ ਜਿਹੇ ਘਰ ਵਿਚ ਕਈ ਤਰ੍ਹਾਂ ਦੇ ਛੋਟੇ-ਮੋਟੇ ਕੰਮ ਸੀ, ਉਸ ਨੂੰ ਤਕਰੀਬਨ ਦੋ ਮਹੀਨੇ ਕੰਮ ਕਰਨਾ ਪਿਆ। ਇਸ ਦੌਰਾਨ ਗੱਲਾਂ-ਬਾਤਾਂ ਕਰਨ ਦਾ ਅਕਸਰ ਮੌਕਾ ਮਿਲ ਜਾਂਦਾ। ਉਹ ਅੱਜ ਸੱਤਰ ਸਾਲ ਦੇ ਕਰੀਬ ਹਨ। ਚਿੱਟੀ ਦਾੜ੍ਹੀ ਤੇ ਪਤਲਾ ਸਰੀਰ। ਜਿਸ ਤਰ੍ਹਾਂ ਕਿ ਹੱਥੀ ਕੰਮ-ਕਾਜ ਕਰਨ ਵਾਲੇ ਮਜ਼ਦੂਰਾਂ-ਮਿਸਤਰੀਆਂ ਦਾ ਹੁੰਦਾ ਹੈ।

ਇਸ ਉਮਰ ਤੇ ਵੀ ਕੰਮ ਜਾਰੀ ਰੱਖਣ ਤੇ ਮੈਨੂੰ ਉਸ ਸ਼ਖ਼ਸ ਬਾਰੇ ਜਾਨਣ ਦੀ ਹੋਰ ਤਾਂਘ ਮਹਿਸੂਸ ਹੋਈ। ਅਮਰੀਕ ਸਿੰਘ ਨੇ ਇਹ ਕੰਮ ਆਪਣੇ ਦਿੱਲੀ ਰਹਿੰਦੇ ਚਾਚੇ ਨਾਲ ਮਿਲ ਕੇ ਸ਼ੁਰੂ ਕੀਤਾ। ਉਸ ਨੇ ਉਦੋਂ ਹਾਇਰ ਸਕੈਂਡਰੀ ਕਰ ਲਈ ਸੀ। ਉਨ੍ਹੀ ਦਿਨੀਂ ਐਮਰਜੈਂਸੀ ਲਗ ਗਈ ਤੇ ਦੋ ਸਾਲ ਦਿੱਲੀ ਰਹਿਣ ਮਗਰੋਂ ਉਸ ਨੂੰ ਵਾਪਿਸ ਅੰਮ੍ਰਿਤਸਰ ਆਉਣਾ ਪਿਆ ਤੇ ਇੱਥੇ ਆ ਕੇ ਆਪਣੇ ਜੀਜੇ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਇਸ ਤਰ੍ਹਾਂ ਕੰਮ ਕਰਦੇ ਹੁਣ ਉਸ ਨੂੰ ਤਕਰੀਬਨ ਚਾਲੀ ਸਾਲ ਹੋ ਗਏ ਹਨ। ਗੱਲਾਂ-ਗੱਲਾਂ 'ਚ ਪੁੱਛਿਆ ਕਿ ਹਾਇਰ ਸਕੈਂਡਰੀ ਕੀਤੀ ਸੀ, ਉਸ ਸਮੇਂ ਕੋਈ ਸਰਕਾਰੀ ਨੌਕਰੀ ਕਿਉਂ ਨਹੀਂ ਕੀਤੀ ਤਾਂ ਕਹਿਣ ਲੱਗੇ ਕਿ ਉਸ ਨੂੰ ਕੰਡਕਟਰ ਦੀ ਨੌਕਰੀ ਮਿਲੀ ਸੀ, ਪਰ ਉਹ ਮੈਨੂੰ ਰਾਸ ਨਹੀਂ ਆਈ। ਬੱਚੇ ਛੋਟੇ ਸੀ ਤੇ ਸਰਕਾਰੀ ਨੌਕਰੀ ਤੋਂ ਛੁੱਟੀ ਲੈਣ

ਦੀ ਦਿੱਕਤ ਹੁੰਦੀ ਸੀ, ਇਸ ਲਈ ਮੈਂ ਆਪਣਾ ਕੰਮ ਕਰਨ ਦਾ ਹੀ ਫੈਸਲਾ ਕੀਤਾ।

ਇਕ ਗੱਲ ਜੋ ਵਿਸ਼ੇਸ਼ ਮੈਂ ਨੋਟ ਕੀਤੀ ਕਿ ਉਹ ਜਿੰਨੀ ਵਾਰੀ ਵੀ ਕੰਮ ਲਈ ਆਏ, ਇਕੱਲੇ ਹੀ ਆਏ। ਇਕ-ਦੋ ਦਿਨਾਂ ਦੇ ਕੰਮ 'ਤੇ ਤਾਂ ਮੈਂ ਸੋਚਿਆਂ ਨਾ, ਪਰ ਇਸ ਵਾਰੀ ਦੋ ਮਹੀਨੇ ਤਕ ਕੰਮ ਕਰਦੇ ਵੀ ਇਕੱਲੇ ਦੇਖ ਕੇ, ਮੈਂ ਹੈਰਾਨ ਹੋਈ। ਇਸ ਉਮਰੇ ਕੰਮ ਕਰਦੇ ਮੁਸ਼ਕਿਲ ਤਾਂ ਆਉਂਦੀ ਹੈ। ਮੈਂ ਪੁੱਛਿਆ ਕਿ ਕੋਈ ਮੁੰਡਾ ਕਿਉਂ ਨਹੀਂ ਰਖਦੇ ਨਾਲ, ਜੋ ਤੁਹਾਡੀ ਮਦਦ ਕਰ ਦਿਆ ਕਰੇ। ਜਿਸ ਤਰ੍ਹਾਂ ਬੋਰਡ ਹੁੰਦੇ ਨੇ ਭਾਰੀ-ਭਾਰੀ, ਚੌਖਾਟਾਂ ਹੁੰਦੀਆਂ ਨੇ। ਹਥੌੜੀ, ਤੇਸੀ ਫੜਾਉਣਾ, ਕਿੱਲਾਂ ਲਗਾਉਣ ਵੇਲੇ ਨਾਲ ਹੱਥ ਪਾ ਕੇ ਫੜ ਲੈਣਾ। ਕੋਈ ਐਕਸੀਡੈਂਟ ਵਗੈਰਾ ਹੋ ਜਾਂਦਾ, ਮੇਰਾ ਮਤਲਬ ਸੱਟ ਵਗੈਰਾ ਦਾ ਖਤਰਾ ਤਾਂ ਹੁੰਦਾ ਹੈ। ਉਹ ਸਹਿਜੇ ਹੀ ਕਹਿਣ ਲੱਗੇ, "ਮੈਨੂੰ ਕਿਸੇ ਦਾ ਕੰਮ ਪਸੰਦ ਹੀ ਨਹੀਂ ਆਉਂਦਾ। ਅੱਜ-ਕੱਲ੍ਹ ਦੇ ਮੁੰਡੇ ਸਵੇਰੇ ਲੇਟ ਆਉਣਗੇ, ਸ਼ਾਮੀ ਵੀ ਅੱਧਾ ਘੰਟਾ ਪਹਿਲਾਂ ਹੀ ਹੱਥ ਧੋਣ ਲੱਗ ਜਾਣਗੇ। ਚਲੋ, ਸਵੇਰੇ ਉੱਠਣ ਤੁਰਨ ਵਿਚ ਬੰਦਾ ਲੇਟ ਹੋ ਜਾਂਦੈ, ਪਰ ਕੰਮ ਤਾਂ ਪੂਰਾ ਕਰਨਾ ਚਾਹੀਦਾ ਹੈ ਅਗਲੇ ਦਾ। ਮੁੰਡਿਆਂ ਨੂੰ ਮੇਰੀ ਇਹ ਗੱਲ ਸਮਝ ਨਹੀਂ ਆਉਂਦੀ। ਉਹ ਖ਼ੁਦ ਹੀ ਛੱਡ ਜਾਂਦੇ। ਮੈਂ ਹੁਣ ਇਕੱਲਾ ਹੀ ਕੰਮ ਕਰਦਾਂ।

ਉਹ ਤਕਰੀਬਨ 8-9 ਕਿਲੋਮੀਟਰ ਤੋਂ, ਆਪਣੇ ਘਰੋਂ ਸਾਈਕਲ 'ਤੇ ਚੜ੍ਹ ਕੇ ਆਉਂਦੇ। ਇਹ ਵੀ ਪਤਾ ਚਲਿਆ ਕਿ ਉਨ੍ਹਾਂ ਦੇ ਦੋ ਬੇਟੇ ਵੀ ਨੇ। ਇਕ ਸੂਬੇਦਾਰ ਹੈ ਤੇ ਦੂਸਰਾ ਉਸ ਤਰ੍ਹਾਂ ਹੀ ਜੱਦੀ ਕੰਮ ਕਰਦਾ ਹੈ। ਭਾਪਾ ਜੀ ਨੇ ਦੱਸਿਆ, ਦੂਸਰੇ ਮੁੰਡੇ ਨੇ ਮੇਰੇ ਕੋਲ ਹੀ ਕੰਮ ਸਿਖਿਆ, ਪਰ ਫਿਰ ਉਹ ਇਕੱਲਿਆ ਕੰਮ ਕਰਨ ਲੱਗ ਪਿਆ ਤੇ ਹੁਣ ਉਹ ਕੋਠੀਆਂ ਦੇ ਕੰਮ ਲੈਂਦਾ ਹੈ ਤੇ ਠੇਕੇਦਾਰ ਹੈ। ਉਸ ਦੇ ਕੋਲ 8-10 ਬੰਦੇ ਹਮੇਸ਼ਾ ਕੰਮ ਕਰਦੇ ਹਨ।

ਇਸ ਉਮਰੇ ਕੰਮ ਕਰਨ ਦੀ ਮਜ਼ਬੂਰੀ ਬਾਰੇ ਗੱਲ ਕੀਤੀ ਤਾਂ ਕਹਿਣ ਲੱਗੇ, ਬੱਚੇ ਤਾਂ ਕਹਿੰਦੇ ਨੇ ਕਿ ਕੰਮ ਛੱਡ ਦਿਉ, ਪਰ ਆਪ ਹੀ ਵਿਹਲੇ ਬੈਠਣ ਨੂੰ ਮਨ ਨਹੀਂ ਕਰਦਾ। ਜਦੋਂ ਤਕ ਸਿਹਤ ਠੀਕ ਰਹੇਗੀ, ਮੈਂ ਕੰਮ ਕਰਾਂਗਾ।

ਸਾਡੇ ਘਰੇ ਕੰਮ ਕਰਦਿਆਂ ਉਨ੍ਹਾਂ ਨੂੰ ਕਈ ਫੋਨ ਆਏ ਕਿ ਕਦੋਂ ਕੰਮ ਮੁੱਕੇਗਾ, ਤੁਸੀਂ ਕਦੋਂ ਵਿਹਲੇ ਹੋਵੋਗੇ। ਉਨ੍ਹਾਂ ਦੱਸਿਆ, ਮੇਰੇ ਕੋਲ ਕੰਮ ਕਰਵਾਉਣ ਵਾਲੇ ਪੱਕੇ ਹਨ, ਉਹ ਮੇਰੇ ਸਿਵਾ ਕਿਸੇ ਤੋਂ ਕੰਮ ਨਹੀਂ ਕਰਵਾਉਂਦੇ।

ਸੱਚ ਵੀ ਹੈ, ਪਹਿਲਾਂ ਵੀ ਕੰਮ ਕਰਵਾਉਂਦੇ ਰਹੇ ਹਾਂ। ਕਈ ਕਾਰੀਗਰਾਂ ਤੋਂ ਕੰਮ ਕਰਵਾਇਆ ਹੈ। ਕੰਮ ਕਰਵਾ ਕੇ ਜੋ ਤਸੱਲੀ ਭਾਪਾ ਜੀ ਤੋਂ ਮਿਲੀ ਹੈ, ਸੱਚੀ ਹੀ ਵਖਰੀ ਹੈ। ਨਾ ਕਿਸੇ ਤਰ੍ਹਾਂ ਦੀ ਖਾਸ ਮੰਗ ਕਰਦੇ ਨੇ ਤੇ ਨਾ ਹੀ ਸਾਨੂੰ ਵੀ ਕਿਸੇ ਤਰ੍ਹਾਂ ਦੀ ਨਿਗਰਾਨੀ ਕਰਨੀ ਪੈਂਦੀ ਹੈ। ਉਹ ਆਪਣੀ ਮਸਤ ਚਾਲ ਨਾਲ ਕੰਮ ਕਰਦੇ ਰਹਿੰਦੇ ਹਨ।

❀

ਲੇਖਕ ਪਤੀ ਦੇ ਨਾਲ

ਸੁਖਬੀਰ ਜੀ ਤੇ ਮੈਂ / ਜਸਬੀਰ ਕੌਰ

ਵਿਆਹ ਤਾਂ ਸਾਡਾ ਅਰੇਂਜਡ ਸੀ। ਵਿਆਹ ਤੋਂ ਪਹਿਲਾਂ ਅਸੀਂ ਇਕ ਦੂਸਰੇ ਤੋਂ ਅਨਜਾਣ ਸਾਂ। ਨਾ ਸੁਖਬੀਰ ਜੀ ਮੈਨੂੰ ਕਦੇ ਮਿਲੇ ਸਨ, ਤੇ ਨਾ ਹੀ ਮੈਂ ਕਦੇ ਉਹਨਾਂ ਨੂੰ ਮਿਲੀ ਸਾਂ। ਸਾਡੇ ਦੋਹਾਂ ਦੇ ਪਰਿਵਾਰਾਂ ਦੀ ਵੀ ਆਪਸ 'ਚ ਕੋਈ ਸਾਂਝ ਨਹੀਂ ਸੀ। ਉਹ ਦੁਆਬੇ ਦੇ ਸਨ, ਤੇ ਮੈਂ ਮਾਝੇ ਦੀ। ਉਹ ਬੰਬਈ ਰਹਿੰਦੇ ਸਨ, ਤੇ ਮੈਂ ਅੰਮ੍ਰਿਤਸਰ। ਪਰ ਮੇਰੇ ਚਾਚਾ ਜੀ ਬੰਬਈ ਰਹਿੰਦੇ ਸਨ। ਉਹਨਾਂ ਨੇ ਹੀ ਸੁਖਬੀਰ ਜੀ ਨੂੰ ਵੇਖਿਆ ਹੋਇਆ ਸੀ, ਤੇ ਮੇਰੇ ਪਿਤਾ ਜੀ ਨੂੰ ਇਕ ਚਿੱਠੀ ਲਿਖ ਕੇ ਇਸ ਰਿਸ਼ਤੇ ਦੀ ਦੱਸ ਵੀ ਉਹਨਾਂ ਹੀ ਪਾਈ ਸੀ। ਸਿਰਫ਼ ਸਾਡੀਆਂ ਫੋਟੋਆਂ ਦੇ ਵਟਾਂਦਰੇ ਪਿੱਛੋਂ ਸਾਡਾ ਰਿਸ਼ਤਾ ਪੱਕਾ ਕਰ ਦਿੱਤਾ ਗਿਆ। ਕੁੜਮਾਈ ਤੇ ਵਿਆਹ 'ਚ ਛੇ ਮਹੀਨਿਆਂ ਦਾ ਵਕਫ਼ਾ ਸੀ। ਇਹ ਉਹਨਾਂ ਦਿਨਾਂ ਦੀ ਗੱਲ ਹੈ ਜਦੋਂ ਮੈਂ ਖ਼ਾਲਸਾ ਕਾਲਜ, ਅੰਮ੍ਰਿਤਸਰ 'ਚ ਬੀ.ਐੱਡ. ਕਰ ਰਹੀ ਸਾਂ। ਅਕਤੂਬਰ 1955 'ਚ ਸਾਡਾ ਵਿਆਹ ਹੋਇਆ ਸੀ।

ਵਿਆਹ ਤੋਂ ਬਾਅਦ ਜਦ ਮੈਂ ਪਹਿਲੀ ਵਾਰ ਸੁਖਬੀਰ ਜੀ ਦੇ ਘਰ 'ਚ ਕਦਮ ਰਖਿਆ ਤਾਂ ਸਭ ਤੋਂ ਪਹਿਲਾਂ ਇਕ ਸ਼ੇਰ ਵਰਗਾ ਕੁੱਤਾ ਦੌੜਦਾ ਹੋਇਆ ਮੇਰੇ ਸੁਆਗਤ ਲਈ ਆਇਆ। ਉਸਨੂੰ ਵੇਖ ਕੇ ਮੈਂ ਡਰ ਗਈ। ਮੈਨੂੰ ਡਰੀ ਨੂੰ ਵੇਖਕੇ ਸੁਖਬੀਰ ਜੀ ਨੇ ਹੌਲ਼ੀ ਜਹੀ ਕਿਹਾ, "ਡਰਨਾ ਨਾ, ਇਹ ਕੱਟੇਗਾ ਨਹੀਂ, ਮੈਂ ਤੁਹਾਡੇ ਨਾਲ ਹਾਂ।" ਓਸੇ ਵਕਤ ਮੇਰੇ ਮਨ 'ਚ ਸਵਾਲ ਉੱਠਿਆ, "ਕੀ ਸੱਚਮੁੱਚ ਮੇਰੇ ਰਾਖੇ ਬਣਕੇ ਹਮੇਸ਼ਾਂ ਲਈ ਤੁਸੀਂ ਮੇਰੇ ਨਾਲ ਰਹੋਗੇ!" ਤੇ ਨਾਲ ਹੀ ਵਿਦਾਇਗੀ ਦੇ ਵਕਤ ਮੇਰੀ ਮਾਂ ਦੇ ਬੋਲੇ ਇਹ ਬੋਲ ਵੀ ਮੈਨੂੰ ਯਾਦ

ਆ ਗਏ, "ਜਾਹ ਧੀਏ! ਘਰ ਆਪਣੇ...ਹੁਣ ਓਹੀ ਤੇਰਾ ਘਰ ਹੈ। ਉਥੋਂ ਦੇ ਰਹਿਣ ਵਾਲੇ ਹੀ ਤੇਰੇ ਆਪਣੇ ਨੇ। ਸਾਨੂੰ ਯਕੀਨ ਏ ਕਿ ਤੇਰੇ ਵੱਲੋਂ ਸਾਨੂੰ ਕੋਈ ਉਲਾਂਭਾ ਨਹੀਂ ਆਏਗਾ।"

ਵਿਆਹ ਤੋਂ ਪਹਿਲਾਂ ਜਿਵੇਂ ਹਰ ਲੜਕੀ ਦੇ ਮਨ ਅੰਦਰ ਕਈ ਤਰ੍ਹਾਂ ਦੇ ਡਰ ਹੁੰਦੇ ਹਨ, ਮੇਰੇ ਮਨ ਅੰਦਰ ਵੀ ਅਜਿਹੇ ਡਰ ਹੋਣੇ ਸੁਭਾਵਕ ਹੀ ਸਨ। ਪਤਾ ਨਹੀਂ, ਪਰਿਵਾਰ ਕਿਹੋ ਜਿਹਾ ਹੋਵੇਗਾ, ਉਸਦਾ ਮੇਰੇ ਨਾਲ ਵਤੀਰਾ ਕਿਹੋ ਜਿਹਾ ਹੋਏਗਾ, ਕੀ ਮੈਂ ਸਾਰੇ ਪਰਿਵਾਰਕ ਮੈਂਬਰਾਂ ਨੂੰ ਖੁਸ਼ ਰੱਖ ਪਾਵਾਂਗੀ...ਨਵਾਂ ਦੇਸ਼, ਨਵਾਂ ਘਰ, ਨਵੇਂ ਬੰਦੇ। ਉਥੇ ਮੇਰਾ ਆਪਣਾ ਤਾਂ ਕੋਈ ਵੀ ਨਹੀਂ ਹੋਏਗਾ!

ਜਦ ਬੰਬਈ ਤੋਂ ਅੰਮ੍ਰਿਤਸਰ ਬਰਾਤ ਆਈ, ਤਾਂ ਮੇਰੇ ਚਾਚਾ ਜੀ ਵੀ ਨਾਲ ਹੀ ਆਏ ਸਨ। ਬਰਾਤੀਆਂ ਨੂੰ ਧਰਮਸ਼ਾਲਾ ਠਹਿਰਾ ਕੇ ਚਾਚਾ ਜੀ ਸਿੱਧੇ ਸਾਡੇ ਘਰ ਆ ਗਏ ਸਨ। ਘਰ 'ਚ ਉਹ ਸਾਰਿਆਂ ਨੂੰ ਮਿਲੇ। ਜਦੋਂ ਮੇਰੇ ਚਾਚਾ ਜੀ ਬੀਬੀ ਜੀ (ਮੇਰੀ ਮਾਂ) ਨੂੰ ਮਿਲੇ ਤਾਂ ਪਹਿਲਾ ਸਵਾਲ ਹੀ ਉਹਨਾਂ ਇਹ ਕੀਤਾ, "ਸੂਰਤ ਸਿਆਂ, ਬੰਦੇ ਕਿਹੋ ਜਿਹੇ ਹਨ? ਮੈਨੂੰ ਬੜੀ ਚਿੰਤਾ ਹੈ। ਮੈਂ ਆਪਣੀ ਧੀ ਨੂੰ ਤੇਰੇ ਆਸਰੇ ਏਡੀ ਦੂਰ ਭੇਜ ਰਹੀ ਹਾਂ।" ਇਹ ਲਫ਼ਜ਼ ਬੋਲਦਿਆਂ ਹੀ ਉਹਨਾਂ ਦੀਆਂ ਅੱਖਾਂ ਭਰ ਆਈਆਂ। ਚਾਚਾ ਜੀ ਨੇ ਬੜੇ ਵਿਸ਼ਵਾਸ ਨਾਲ ਮੇਰੇ ਬੀਬੀ ਜੀ ਨੂੰ ਕਿਹਾ, "ਭਾਬੀ ਜੀ, ਤੁਸੀਂ ਕੋਈ ਚਿੰਤਾ ਨਾ ਕਰੋ। ਜੀਤਾਂ (ਮੇਰਾ ਪੇਕਾ ਨਾਂ) ਸਿਰਫ਼ ਤੁਹਾਡੀ ਹੀ ਧੀ ਨਹੀਂ, ਮੇਰੀ ਵੀ ਹੈ। ਜੀਤਾਂ ਮੈਨੂੰ ਇੰਦਰਜੀਤ (ਚਾਚਾ ਜੀ ਦੀ ਧੀ) ਨਾਲੋਂ ਵੱਧ ਪਿਆਰੀ ਹੈ। ਇਸ ਰਿਸ਼ਤੇ ਤੋਂ ਮੁੰਡੇ ਵਾਲੇ ਖੁਸ਼ ਹਨ। ਤੁਹਾਨੂੰ ਇਕ ਗੱਲ ਦੱਸਾਂ। ਜਿਸ ਦਿਨ ਅਸੀਂ ਉਹਨਾਂ ਦੇ ਘਰ ਸ਼ਗਨ ਦੇਣ ਲਈ ਗਏ ਸਾਂ ਤਾਂ ਸਰਦਾਰ ਮੁਨਸ਼ਾ ਸਿੰਘ (ਸੁਖਬੀਰ ਜੀ ਦੇ ਪਿਤਾ ਜੀ) ਨੇ ਦੱਸਿਆ ਸੀ, 'ਅੱਜ ਸਾਡੇ ਲਈ ਖੁਸ਼ੀਆਂ ਭਰਿਆ ਦਿਨ ਹੈ। ਪਹਿਲੀ ਇਹ ਕਿ ਸਾਡੇ ਪੁੱਤਰ ਦਾ ਰਿਸ਼ਤਾ ਆਇਆ ਹੈ। ਦੂਸਰੀ ਇਹ ਕਿ ਅੱਜ ਹੀ ਸੁਖਬੀਰ ਨੂੰ ਕਰੌਸ-ਵਰਡ (Crossword) ਰਾਹੀਂ 2,500 ਰੁਪਏ ਦਾ ਇਨਾਮ ਆਇਆ ਹੈ। ਤੇ ਜਿਸ ਦਿਨ ਅਸੀਂ ਬਾਰਾਤ ਲੈ ਕੇ ਅੰਮ੍ਰਿਤਸਰ ਨੂੰ ਤੁਰਨਾ ਸੀ, ਉਸ ਤੋਂ ਇਕ ਦਿਨ ਪਹਿਲਾਂ ਮੁੰਡੇ ਨੂੰ ਦੂਜਾ ਕਰੌਸ-ਵਰਡ ਦਾ ਬਾਰਾਂ ਹਜ਼ਾਰ (12,000) ਰੁਪਏ ਦਾ ਇਨਾਮ ਮਿਲਿਆ। ਸਰਦਾਰ ਸਾਹਿਬ, ਸਾਡੇ ਘਰ ਤਾਂ ਲਕਸ਼ਮੀ ਆ ਰਹੀ ਹੈ। ਹਾਲੀ ਤਾਂ ਬੱਚੀ ਦਾ ਪੈਰ ਵੀ ਸਾਡੇ ਘਰ ਨਹੀਂ ਪਿਆ, ਤੇ ਜਦੋਂ ਉਹ ਸਾਡੇ ਘਰ ਦਾ ਹਿੱਸਾ ਬਣ ਜਾਏਗੀ ਤਾਂ...।' ਉਸ ਪਰਿਵਾਰ ਦੇ ਤਾਂ ਖੁਸ਼ੀ ਨਾਲ ਪੈਰ ਭੁੰਜੇ ਨਈਂ ਲੱਗਦੇ।"

ਪਾਣੀ ਵਾਰਨ ਦੀ ਰਸਮ ਕਰਨ ਸਮੇਂ ਸਾਨੂੰ ਘਰ ਦੀ ਦੇਹਲੀ 'ਤੇ ਰੋਕਿਆ ਗਿਆ। ਜਦ ਪਾਣੀ ਵਾਰਨ ਦੀ ਰਸਮ ਹੋ ਰਹੀ ਸੀ, ਤਾਂ ਮੈਂ ਮਹਿਸੂਸ ਕੀਤਾ ਕਿ ਸੁਖਬੀਰ ਜੀ ਨੇ ਆਪਣੀ ਜ਼ੇਬ 'ਚੋਂ ਰੁਮਾਲ ਕੱਢ ਕੇ ਆਪਣੀਆਂ ਅੱਖਾਂ ਪੂੰਝੀਆਂ ਹਨ। ਮੈਂ ਹੈਰਾਨ ਸਾਂ ਤੇ ਸੋਚ ਰਹੀ ਸਾਂ ਕਿ ਕੁੜੀ ਤਾਂ ਆਪਣੇ ਘਰੋਂ ਵਿਛੜਨ ਸਮੇਂ ਰੋਂਦੀ ਹੈ, ਪਰ ਵਹੁਟੀ ਘਰੇ ਲੈ ਕੇ ਆਉਣ ਵਾਲਾ ਮੁੰਡਾ ਰੋਂਦਿਆਂ ਮੈਂ ਕਦੇ ਨਹੀਂ ਸੀ ਤੱਕਿਆ। ਦੂਸਰੇ ਦਿਨ ਇਸ ਘਟਨਾ ਬਾਰੇ ਜਦੋਂ ਮੈਂ ਸੁਖਬੀਰ ਜੀ ਕੋਲੋਂ ਪੁੱਛਿਆ ਤਾਂ ਉਹਨਾਂ ਦੱਸਿਆ, "ਜਿੱਥੇ ਦਰਵਾਜ਼ੇ ਦੇ ਸਾਹਮਣੇ ਆ ਕੇ ਅਸੀਂ ਖੜੇ ਹੋਏ ਸਾਂ, ਉਸਦੇ ਬਿਲਕੁੱਲ ਸਾਹਮਣੇ ਮਾਤਾ ਜੀ ਦਾ ਮੰਜਾ ਹੋਇਆ ਕਰਦਾ ਸੀ। ਮਾਤਾ ਜੀ ਕਹਿੰਦੇ ਹੁੰਦੇ ਸੀ, 'ਕਿਸੇ ਵੀ ਕੁੜੀ ਨੂੰ ਮੈਂ ਆਪਣੇ ਪੁੱਤਰ ਦੇ ਨਾਲ ਸਾਹਮਣੇ ਖੜੀ ਹੋਈ ਵੇਖ ਲਵਾਂ, ਤਾਂ ਮੇਰੇ ਪ੍ਰਾਣ ਸੌਖੇ ਨਿਕਲਣਗੇ।' ਅੱਜ ਤੁਸੀਂ ਮੇਰੇ ਨਾਲ ਹੋ, ਪਰ ਉਹ ਦੇਖਣ ਵਾਲੇ ਨਹੀਂ ਹਨ।" ਸੁਖਬੀਰ ਜੀ ਦੇ ਮਾਤਾ ਜੀ ਦੇ

ਹੁੰਦਿਆਂ, ਉਹਨਾਂ ਦੇ ਕਿਸੇ ਵੀ ਬੱਚੇ ਦਾ ਵਿਆਹ ਨਹੀਂ ਸੀ ਹੋਇਆ।

ਸੁਖਬੀਰ ਜੀ ਬੜੇ ਨੇਕ ਦਿਲ ਸਨ। ਆਪਣੇ ਕੰਮ ਛੱਡ ਕੇ ਵੀ ਦੂਸਰੇ ਦਾ ਕੰਮ ਕਰਨ ਤੁਰ ਪੈਂਦੇ ਸਨ। ਇਕ ਛੋਟੀ ਜਹੀ ਘਟਨਾ ਯਾਦ ਆਈ ਹੈ। ਨਵਰਾਜ (ਪੁੱਤਰ) ਨੇ ਦਸਵੀਂ ਪਾਸ ਕਰਨ ਤੋਂ ਬਾਅਦ ਕਾਲਜ 'ਚ ਦਾਖ਼ਲਾ ਲੈਣਾ ਸੀ। ਸੁਖਬੀਰ ਜੀ ਨੇ ਚੈੱਕ 'ਤੇ ਆਪਣੇ ਦਸਤਖ਼ਤ ਕੀਤੇ ਤੇ ਨਵਰਾਜ ਨੂੰ ਕਿਹਾ, "ਇਹ ਚੈੱਕ ਰੱਖ ਲੈ, ਮੈਂ ਸਾਈਨ ਕਰ ਦਿੱਤੇ ਹਨ। ਭਵਨ ਕਾਲਜ ਜਾ ਕੇ ਦਾਖ਼ਲਾ ਲੈ ਲੈ। ਦਾਖ਼ਲੇ ਦੀ ਜਿੰਨੀ ਫੀਸ ਹੋਏਗੀ, ਤੂੰ ਚੈੱਕ 'ਤੇ ਲਿਖ ਕੇ ਦੇ ਦੇਈਂ।" ਦੋ ਦਿਨਾਂ ਬਾਅਦ ਨਵਰਾਜ ਨੇ ਮੈਨੂੰ ਕਿਹਾ, "ਮੰਮੀ ਇਕ ਗੱਲ ਪੁੱਛਾਂ?" "ਪੁੱਛ ਬੇਟਾ।" "ਕੱਲ ਡੈਡੀ ਜੀ ਗਲੈਡ ਦੇ ਪੁੱਤਰ ਨੂੰ ਦਾਖਲ ਕਰਵਾਉਣ ਲਈ ਖ਼ਾਲਸਾ ਕਾਲਜ ਆਪ ਗਏ, ਤੇ ਮੇਰੀ ਵਾਰੀ, ਮੇਰੇ ਹੱਥ'ਚ ਚੈੱਕ ਫੜਾ ਕੇ ਕਹਿ ਦਿੱਤਾ, ਜਾ ਕਾਲਜ ਜਾ ਕੇ ਦਾਖ਼ਲਾ ਲੈ ਲੈ। ਕਿਉਂ?" "ਇਸ ਦਾ ਜਵਾਬ ਮੈਂ ਤੈਨੂੰ ਕੱਲ ਦੇਵਾਂਗੀ।" ਦੂਸਰੇ ਦਿਨ ਮੈਂ ਇਹ ਸਵਾਲ ਸੁਖਬੀਰ ਜੀ ਤੋਂ ਪੁੱਛਿਆ, ਤਾਂ ਜ਼ਰਾ ਕੁ ਮੁਸਕਰਾ ਕੇ ਕਹਿਣ ਲੱਗੇ, "ਤੁਹਾਡੇ ਪੁੱਤਰ ਦੀ ਡਿਸਟਿੰਕਸ਼ਨ ਸੀ। ਕਿਸੇ ਵੀ ਕਾਲਜ 'ਚ ਅਗਲਿਆਂ ਨੇ ਹੱਸ ਕੇ ਦਾਖ਼ਲ ਕਰ ਲੈਣਾ ਸੀ। ਪਰ ਗਲੈਡ ਦੇ ਪੁੱਤਰ ਦੀ ਥਰਡ ਡਵੀਜ਼ਨ ਸੀ। ਜੇ ਮੈਂ ਉਸਦਾ ਦਾਖ਼ਲਾ ਨਾ ਕਰਵਾਉਂਦਾ, ਤਾਂ ਉਸਦਾ ਇਕ ਸਾਲ ਮਾਰਿਆ ਜਾਣਾ ਸੀ। ਦੱਸੋ, ਮੈਂ ਕੀ ਬੁਰਾ ਕੀਤਾ?" ਇਹੋ ਗੱਲ ਜਦੋਂ ਮੈਂ ਨਵਰਾਜ ਨੂੰ ਦੱਸੀ, ਤਾਂ ਉਹ ਬਹੁਤ ਖੁਸ਼ ਹੋਇਆ।

1958 'ਚ ਸੁਖਬੀਰ ਜੀ ਨੇ ਖ਼ਾਲਸਾ ਕਾਲਜ, ਅੰਮ੍ਰਿਤਸਰ ਤੋਂ ਪੰਜਾਬੀ ਐੱਮ.ਏ. ਫਸਟ ਕਲਾਸ ਫਸਟ ਡਵੀਜ਼ਨ 'ਚ ਪਾਸ ਕੀਤੀ। ਖ਼ਾਲਸਾ ਕਾਲਜ ਵਾਲਿਆਂ ਨੇ ਉਹਨਾਂ ਨੂੰ ਨੌਕਰੀ ਦੀ ਆਫਰ ਵੀ ਕੀਤੀ। ਜਦੋਂ ਸੁਖਬੀਰ ਜੀ ਨੇ ਘਰ ਆ ਕੇ ਨੌਕਰੀ ਬਾਰੇ ਦੱਸਿਆ, ਤਾਂ ਮੈਂ ਬਹੁਤ ਖੁਸ਼ ਹੋਈ। ਤੇ ਉਹਨਾਂ ਨੂੰ ਕਿਹਾ, "ਚੰਗਾ ਹੈ, ਤੁਸੀਂ ਕਾਲਜ 'ਚ ਪੜ੍ਹਾਓ। ਮੈਨੂੰ ਵੀ ਕਿਸੇ ਸਕੂਲ 'ਚ ਨੌਕਰੀ ਮਿਲ ਜਾਏਗੀ।" ਇਹ ਸੁਣ ਕੇ ਸੁਖਬੀਰ ਜੀ ਚੁੱਪ ਹੋ ਗਏ। "ਕਿਉਂ ਮੇਰੀ ਰਾਇ ਚੰਗੀ ਨਹੀਂ ਲੱਗੀ?" ਮੈਂ ਸਵਾਲ ਕੀਤਾ। "ਰਾਇ ਤਾਂ ਤੁਹਾਡੀ ਚੰਗੀ ਹੈ, ਪਰ ਪੂਰੀ ਨਹੀਂ ਹੋ ਸਕਦੀ।" "ਕਿਉਂ," ਮੈਂ ਪੁੱਛਿਆ। ਉਹਨਾਂ ਗੰਭੀਰ ਜਿਹੇ ਹੋ ਕੇ ਕਿਹਾ, "ਤੁਹਾਨੂੰ ਪਤਾ ਹੀ ਹੈ ਕਿ ਮੇਰੇ ਦੋਵੇਂ ਛੋਟੇ ਭਰਾ ਰੇਲਵੇ 'ਚ ਕੰਮ ਕਰਦੇ ਹਨ। ਉਹਨਾਂ ਦੀ ਤਬਦੀਲੀ ਹੁੰਦੀ ਰਹਿੰਦੀ ਹੈ ਤੇ ਜਸਵੰਤ (ਸੁਖਬੀਰ ਜੀ ਦਾ ਸਭ ਤੋਂ ਛੋਟਾ ਭਰਾ) ਨੂੰ ਵੀ ਪੜ੍ਹ ਕੇ ਪਤਾ ਨਹੀਂ ਕਿੱਥੇ ਨੌਕਰੀ ਮਿਲੇ। ਇਸ ਹਾਲਤ 'ਚ ਅਸੀਂ ਪਿਤਾ ਜੀ ਨੂੰ ਇਕੱਲਿਆਂ ਨਹੀਂ ਛੱਡ ਸਕਦੇ। ਅਸੀਂ ਵੱਡੇ ਹਾਂ, ਸਾਡਾ ਫ਼ਰਜ਼ ਹੈ ਕਿ ਅਸੀਂ ਉਹਨਾਂ ਦੇ ਨਾਲ ਹੀ ਰਹੀਏ।" ਸੁਖਬੀਰ ਜੀ ਦਾ ਇਹ ਜਵਾਬ ਸੁਣ ਕੇ ਮੈਂ ਚੁੱਪ ਕਰ ਗਈ। ਕਿਉਂਕਿ ਇਹ ਗੱਲ ਹੈ ਵੀ ਠੀਕ ਸੀ।

ਸੁਖਬੀਰ ਜੀ ਬੜੇ ਸ਼ਾਤ ਸੁਭਾਅ ਦੇ ਸਨ। ਹੇਰਾ-ਫੇਰੀ ਤੇ ਚਲਾਕੀ ਤੋਂ ਬਹੁਤ ਦੂਰ ਸਨ। ਨੇਕ-ਦਿਲ ਇਨਸਾਨ ਸਨ। ਆਪ ਬੋਲਦੇ ਘੱਟ ਤੇ ਦੂਜੇ ਨੂੰ ਵਧੇਰੇ ਸੁਣਦੇ ਸਨ। ਜਦ ਕਦੇ ਕੋਈ ਸਾਹਿਤਕ ਚਰਚਾ ਸ਼ੁਰੂ ਹੋ ਜਾਏ, ਤਾਂ ਫੇਰ ਉਹ ਸਾਰੀ-ਸਾਰੀ ਰਾਤ ਬੋਲ ਸਕਦੇ ਸਨ। ਆਪ ਵੀ ਪੜ੍ਹਦੇ ਤੇ ਦੂਜਿਆਂ ਨੂੰ ਵੀ ਪੜ੍ਹਣ ਲਈ ਪ੍ਰੇਰਦੇ ਸਨ। ਆਪਣੇ ਚਾਹੁੰਣ ਵਾਲੇ ਮਿੱਤਰਾਂ ਤੇ ਲੇਖਕਾਂ ਨੂੰ ਜੇ ਕੋਈ ਕਿਤਾਬ ਮਾਰਕੀਟ 'ਚ ਨਾ ਮਿਲਦੀ, ਤਾਂ ਜ਼ੀਰੌਕਸ ਕਰਵਾਕੇ ਉਹਨਾਂ ਨੂੰ ਭੇਜਦੇ ਸਨ। ਉਹਨਾਂ ਦੀ ਜ਼ਿੰਦਗੀ ਬੜੀ ਸਾਦੀ ਸੀ। ਨਾ

ਖਾਣ ਦਾ, ਨਾ ਪਹਿਨਣ ਦਾ ਤੇ ਨਾ ਹੀ ਘੁੰਮਣ ਦਾ ਸ਼ੌਕ ਸੀ। ਉਹ ਦੋ ਚੀਜ਼ਾਂ ਉੱਤੇ ਖੁੱਲ੍ਹੇ ਦਿਲ ਨਾਲ ਪੈਸੇ ਖਰਚਦੇ ਸਨ। ਇਕ ਕਿਤਾਬਾਂ ਅਤੇ ਦੂਸਰਾ ਹੋਮਿਓਪੈਥੀ ਦੀਆਂ ਦਵਾਈਆਂ ਉੱਤੇ। ਸਾਡੇ ਘਰਾਂ ਦੇ ਕੋਲ ਇਕ ਗਰੀਬਾਂ ਦੀ ਬਸਤੀ ਹੈ। ਉੱਥੇ ਉਹ ਹਫ਼ਤੇ ਵਿਚ ਇਕ ਵਾਰੀ ਜ਼ਰੂਰ ਜਾਂਦੇ। ਗਰੀਬਾਂ ਨੂੰ ਮਿਲਦੇ, ਉਹਨਾਂ ਦਾ ਹਾਲ-ਚਾਲ ਪੁੱਛਦੇ ਤੇ ਉਹਨਾਂ ਨੂੰ ਦਵਾਈਆਂ ਦੇਂਦੇ। ਉਹ ਆਪਣੇ ਘਰ ਵੀ ਅਜਿਹੀਆਂ ਦਵਾਈਆਂ ਵਰਤਦੇ ਸਨ। ਗਰੀਬ ਲੋਕਾਂ ਦੀ ਗੁਰਬਤ ਭਰੀ ਜ਼ਿੰਦਗੀ ਵੇਖਕੇ ਉਹਨਾਂ ਦੀਆਂ ਅੱਖਾਂ ਭਰ ਆਉਂਦੀਆਂ ਸਨ। ਇਸ ਹਾਲਤ 'ਚ ਉਹਨਾਂ ਨੂੰ ਵੇਖਕੇ ਇੰਝ ਲੱਗਦਾ ਸੀ ਕਿ ਜਿਵੇਂ ਸਾਰੀ ਕਾਇਨਾਤ ਦਾ ਦੁੱਖ ਉਹਨਾਂ ਦਾ ਆਪਣਾ ਹੀ ਦੁੱਖ ਹੋਵੇ।

ਉਹ ਬੜੇ ਆਗਿਆਕਾਰੀ ਪੁੱਤਰ, ਵਫ਼ਾਦਾਰ ਪਤੀ ਤੇ ਰੱਜਵਾਂ ਪਿਆਰ ਦੇਣ ਵਾਲੇ ਪਿਤਾ ਸਨ। ਉਹਨਾਂ ਦੀਆਂ ਨਜ਼ਰਾਂ 'ਚ ਆਪਣਾ ਤੇ ਪਰਾਇਆ, ਅਮੀਰ ਤੇ ਗਰੀਬ ਦਾ ਕੋਈ ਭਿੰਨ-ਭੇਦ ਨਹੀਂ ਸੀ। ਉਹ ਆਪਣੇ ਪਰਿਵਾਰ ਤੇ ਬੱਚਿਆਂ ਨਾਲ ਬਹੁਤ ਜੁੜੇ ਹੋਏ ਸਨ। ਏਥੋਂ ਤਕ ਕਿ ਜਦੋਂ ਉਹਨਾਂ ਨੇ ਇਨਾਮ ਲੈਣ ਤੋਂ ਇਨਕਾਰ ਕੀਤਾ, ਤਾਂ ਵੀ ਉਹਨਾਂ ਸਾਡੀ ਸਾਰਿਆਂ ਦੀ ਰਾਇ ਪੁੱਛੀ ਸੀ।

ਉਹ ਬੜਾ ਹੌਲ਼ੀ ਬੋਲਦੇ ਸਨ। ਉੱਚੀ ਆਵਾਜ਼ 'ਚ ਬੋਲਦਿਆਂ ਉਹਨਾਂ ਨੂੰ ਕਿਸੇ ਨੇ ਕਦੀ ਨਹੀਂ ਸੀ ਸੁਣਿਆ। ਇਕ ਬੜੀ ਪੁਰਾਣੀ ਘਟਨਾ ਯਾਦ ਆਈ ਹੈ। ਇਕ ਦਿਨ ਰੋਟੀ ਖਾਂਦਿਆਂ ਉਹਨਾਂ ਨੇ ਕੁਝ ਮੰਗਿਆ। ਮੈਂ ਰਸੋਈ 'ਚ ਜਾ ਕੇ ਇਕ ਉਬਲਿਆ ਆਂਡਾ ਬਣਾਕੇ ਲਿਆਈ ਤੇ ਉਹਨਾਂ ਦੀ ਥਾਲੀ 'ਚ ਰੱਖ ਦਿੱਤਾ। ਉਹ ਜ਼ਰਾ ਕੁ ਮੁਸਕਰਾਏ ਤੇ ਪਲੇਟ ਚੁੱਕ ਕੇ ਪਾਸੇ ਰੱਖ ਦਿੱਤੀ। ਮੈਂ ਸੋਚਿਆ ਕਿ ਸ਼ਾਇਦ ਉਹਨਾਂ ਨੂੰ ਉਬਲਿਆ ਆਂਡਾ ਪਸੰਦ ਨਹੀਂ। ਮੈਂ ਫਿਰ ਜਲਦੀ ਨਾਲ ਅਮਲੇਟ ਬਣਾ ਕੇ ਉਹਨਾਂ ਅੱਗੇ ਰੱਖ ਦਿੱਤਾ। ਫੇਰ ਮੇਰੇ ਵੱਲ ਤੱਕ ਕੇ ਜ਼ਰਾ ਕੁ ਮੁਸਕਰਾਏ ਤੇ ਪਲੇਟ ਚੁੱਕ ਕੇ ਇਕ ਪਾਸੇ ਕਰ ਦਿੱਤੀ। ਮੈਂ ਰੋਣ-ਹਾਕੀ ਹੋ ਕੇ ਕਿਹਾ, "ਮੈਨੂੰ ਨਹੀਂ ਪਤਾ ਲੱਗਦਾ ਕਿ ਤੁਸੀਂ ਕੀ ਬੋਲਦੇ ਹੋ? ਤੁਹਾਨੂੰ ਕੀ ਚਾਹੀਦਾ ਹੈ?" "ਗੰਢਾ," ਕਹਿ ਕੇ ਹੱਸ ਪਏ।

ਸੁਖਬੀਰ ਜੀ ਦੇ ਪਿਤਾ ਜੀ ਰੇਲਵੇ ਦੇ ਮਹਿਕਮੇ 'ਚ ਇੰਜੀਨੀਅਰ ਸਨ। ਬੰਬਈ 'ਚ ਉਹਨਾਂ ਦਾ ਚੰਗਾ ਨਾਂ ਸੀ। ਹਰ ਬਾਪ, ਜਿਸ ਤਰ੍ਹਾਂ ਆਪਣੇ ਪੁੱਤਰ ਨੂੰ, ਆਪਣੇ ਨਾਲੋਂ ਅੱਗੇ ਵਧਦਾ ਹੋਇਆ ਦੇਖਣਾ ਚਾਹੁੰਦਾ ਹੈ, ਉਹਨਾਂ ਨੇ ਵੀ ਸੁਖਬੀਰ ਜੀ ਦੇ ਭਵਿੱਖ ਲਈ ਕਈ ਸੁਪਨੇ ਦੇਖੇ ਹੋਣਗੇ। ਸੁਖਬੀਰ ਜੀ ਸਭ ਤੋਂ ਵੱਡੇ ਸਨ। ਪੜ੍ਹਾਈ 'ਚ ਬਹੁਤ ਹੁਸ਼ਿਆਰ ਸਨ। ਉਹ ਹਰ ਕਲਾਸ 'ਚ ਚੰਗੇ ਨੰਬਰ ਲੈ ਕੇ ਪਾਸ ਹੁੰਦੇ ਸਨ। ਏਥੋਂ ਤਕ ਕਿ ਐੱਮ.ਏ. 'ਚ ਫਸਟ ਕਲਾਸ ਫਸਟ ਲੈ ਕੇ ਪੰਜਾਬ 'ਚੋਂ ਅੱਵਲ ਆਏ ਸਨ। ਸੁਖਬੀਰ ਜੀ ਦੇ ਦਸਵੀਂ ਕਲਾਸ ਪਾਸ ਕਰਨ ਤੋਂ ਬਾਅਦ ਜਦੋਂ ਘਰ 'ਚ ਉਹਨਾਂ ਦੇ ਕਾਲਜ 'ਚ ਦਾਖ਼ਲ ਹੋਣ ਦੀ ਗੱਲ ਚੱਲੀ ਤਾਂ ਉਹਨਾਂ ਦੇ ਪਿਤਾ ਜੀ ਨੇ ਕਿਹਾ, "ਮੈਂ ਸੋਚਿਆ ਕਿ ਤੇਰਾ ਦਾਖ਼ਲਾ ਕਿਸੇ ਚੰਗੇ ਇੰਜੀਨੀਅਰਿੰਗ ਕਾਲਜ 'ਚ ਕਰਵਾ ਦਿੱਤਾ ਜਾਏ। ਤੂੰ ਕਿਹੜੇ ਕਾਲਜ 'ਚ ਦਾਖ਼ਲਾ ਲੈਣਾ ਚਾਹੁੰਦਾ ਹੈ?" ਇਹ ਸੁਣਕੇ ਪੁੱਤਰ ਚੁੱਪ ਰਿਹਾ। "ਕਿਉਂ ਬੇਟਾ, ਤੂੰ ਕੋਈ ਜਵਾਬ ਨਹੀਂ ਦਿੱਤਾ", ਪਿਤਾ ਜੀ ਨੇ ਪੁੱਛਿਆ। "ਮੈਂ ਇੰਜੀਨੀਅਰ ਨਹੀਂ ਬਣਨਾ।" "ਫੇਰ, ਤੂੰ ਕੀ ਬਣਨਾ ਹੈ?" "ਮੈਂ ਲੇਖਕ ਬਣਨਾ ਏ," ਪੁੱਤਰ ਨੇ ਇਕ-ਟੁੱਕ ਜਵਾਬ ਦਿੱਤਾ। "ਕੋਈ ਕਾਹਲ਼ੀ ਨਹੀਂ, ਤੂੰ ਦੋ-ਚਾਰ ਦਿਨ ਸੋਚ ਲੈ, ਫੇਰ ਦੱਸੀਂ," ਪਿਤਾ ਜੀ ਨੇ

ਕਿਹਾ। "ਮੈਂ ਸੋਚ ਲਿਆ ਹੈ, ਮੈਂ ਇੰਜੀਨੀਅਰ ਬਿਲਕੁੱਲ ਨਹੀਂ ਬਣਨਾ," ਪੁੱਤਰ ਦਾ ਜਵਾਬ ਸੀ।

ਪੁੱਤਰ ਦਾ ਇਹ ਜਵਾਬ ਸੁਣ ਕੇ ਪਿਤਾ ਜੀ ਦੀਆਂ ਸਾਰੀਆਂ ਉਮੀਦਾਂ ਉੱਤੇ ਪਾਣੀ ਫਿਰ ਗਿਆ। ਉਹਨਾਂ ਨੂੰ ਬਹੁਤ ਗੁੱਸਾ ਆਇਆ ਤੇ ਸਾਰਾ ਗੁੱਸਾ ਉਹਨਾਂ ਨੇ ਸੁਖਬੀਰ ਜੀ ਦੇ ਮਾਤਾ ਜੀ ਉੱਤੇ ਇਹ ਸ਼ਬਦ ਕਹਿੰਦਿਆਂ ਕੱਢਿਆ, "ਤੁਹਾਡਾ ਪੁੱਤਰ ਕਹਿੰਦਾ ਹੈ, ਮੈਂ ਲੇਖਕ ਬਣਨਾ ਹੈ। ਉਸਨੂੰ ਪੁੱਛੋ, ਕਹਾਣੀਆਂ ਤੇ ਕਵਿਤਾਵਾਂ ਲਿਖਣਾ ਕੋਈ ਕੰਮ ਏ, ਲੇਖਕ ਬਣ ਕੇ ਕੀ ਕਮਾਏਗਾ, ਤੇ ਕੀ ਖਾਏਗਾ? ਕਿਵੇਂ ਆਪਣਾ ਟੱਬਰ ਪਾਲ਼ੇਗਾ? ਦੱਸੋ ਉਹਨੂੰ ਕਿ ਲੇਖਕਾਂ ਦੇ ਘਰ ਨਹੀਂ ਬਣਦੇ...।"

ਸੁਖਬੀਰ ਜੀ ਕੋਈ ਵੀ ਫੈਸਲਾ ਬਹੁਤ ਸੋਚ-ਸਮਝ ਕੇ ਲੈਂਦੇ ਸਨ। ਫੈਸਲਾ ਲੈ ਕੇ ਫੇਰ ਪਿੱਛੇ ਕਦਮ ਕਦੀ ਨਹੀਂ ਸਨ ਚੁਕਦੇ। ਆਪਣੇ ਫੈਸਲੇ 'ਤੇ ਅਟੱਲ ਰਹਿੰਦੇ ਸਨ।

ਲੇਖਕ ਬਣਨ ਦੇ ਲਈ ਉਹਨਾਂ ਨੂੰ ਕਈ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਦਿਨ ਵੇਲੇ ਉਹ ਕਾਲਜ ਜਾਂਦੇ ਸਨ, ਤੇ ਸ਼ਾਮ ਨੂੰ ਆਪਣੀਆਂ ਰੋਜ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਈ ਹੋਰ ਛੋਟੇ-ਮੋਟੇ ਕੰਮ ਕਰਦੇ ਸਨ। ਇਸ ਸੰਗ੍ਰਾਮ ਦੇ ਸਮੇਂ, ਉਹ ਹਾਰੇ ਨਹੀਂ, ਬੜੀ ਬਹਾਦਰੀ ਦੇ ਨਾਲ ਹਰ ਸੰਕਟ ਦਾ ਉਹਨਾਂ ਸਾਹਮਣਾ ਕੀਤਾ। ਜਿਸ ਮਾਣ ਨਾਲ ਉਹਨਾਂ ਆਪਣੇ ਹੱਥ 'ਚ ਕਲਮ ਪਕੜੀ ਸੀ, ਉਸ ਕਦਰਦਾਨੀ ਦੇ ਨਾਲ ਕਲਮ ਨੇ ਵੀ ਉਹਨਾਂ ਦਾ ਸਾਥ ਨਿਭਾਇਆ। ਕਲਮ ਫੜ ਕੇ ਆਹਿਸਤਾ-ਆਹਿਸਤਾ ਉਹ ਅੱਗੇ ਤੁਰਦੇ ਗਏ। ਆਪਣੀ ਹਿੰਮਤ, ਲਗਨ ਤੇ ਸਾਧਨਾ ਸਦਕਾ ਆਖਿਰ ਉਹ ਉਸ ਟੀਚੇ ਉੱਤੇ ਪਹੁੰਚ ਗਏ, ਜਿਸਦਾ ਉਹ ਸੁਪਨਾ ਦੇਖਿਆ ਕਰਦੇ ਸਨ: ਲੇਖਕ ਬਣਕੇ ਨਾਂ ਕਮਾਉਣ ਵਾਲਾ ਸੁਪਨਾ।

ਸੁਖਬੀਰ ਜੀ ਦੇ ਨਾਲ ਮੈਂ ਬੜੀ ਸੁਖਾਵੀਂ ਤੇ ਭਰਵੀਂ ਜ਼ਿੰਦਗੀ ਬਿਤਾਈ ਹੈ। ਉਹਨਾਂ 'ਚ ਕੋਈ ਐਬ ਨਹੀਂ ਸੀ। ਨਾ ਸ਼ਰਾਬ ਦਾ, ਨਾ ਤਾਸ਼ ਦਾ ਤੇ ਨਾ ਹੀ ਅਵਾਰਾਗਰਦੀ ਕਰਨ ਦਾ। ਬੱਚਿਆਂ ਦਾ ਤੇ ਉਹਨਾਂ ਦੀ ਪੜ੍ਹਾਈ ਦਾ ਖਾਸ ਧਿਆਨ ਰਖਦੇ ਸਨ। ਉਹ ਆਪਣੇ ਪਰਿਵਾਰ ਤੇ ਬੱਚਿਆਂ ਨਾਲ ਬਹੁਤ ਜੁੜੇ ਹੋਏ ਸਨ। ਉਹ ਕਈ ਵਾਰੀ ਕਹਿੰਦੇ ਸਨ, "ਮੈਂ ਆਪਣੇ ਪਰਵਾਰ ਤੇ ਬੱਚਿਆਂ ਦੇ ਬਿਨਾਂ ਰਹਿ ਨਹੀਂ ਸਕਦਾ।" ਸਾਨੂੰ ਦੋਹਾਂ ਨੂੰ ਇਕ ਦੂਜੇ ਉੱਤੇ ਅੰਤਾਂ ਦਾ ਵਿਸ਼ਵਾਸ ਸੀ। ਅਸੀਂ ਹਮੇਸ਼ਾਂ ਇਕੱਠੇ ਰਹੇ। ਜਿੱਥੇ ਗਏ, ਇਕੱਠੇ ਗਏ ਤੇ ਜਿੱਥੇ ਰਹੇ, ਇਕੱਠੇ ਰਹੇ। ਇਕੱਠਿਆਂ ਨੇ ਖੁਸ਼ੀਆਂ ਵੀ ਮਾਣੀਆਂ ਤੇ ਕਸ਼ਟ ਵੀ ਝੱਲੇ। ਦੁੱਖ-ਸੁੱਖ ਤਾਂ ਹਰ ਇਕ ਦੀ ਜ਼ਿੰਦਗੀ 'ਚ ਆਂਦੇ ਹਨ। ਸਾਡੇ ਹਿੱਸੇ ਦੇ ਦੁੱਖ ਵੀ ਜਦੋਂ ਸਾਡੀ ਝੋਲੀ 'ਚ ਪਏ ਤਾਂ ਅਸਾਂ ਹਿੰਮਤ ਨਹੀਂ ਹਾਰੀ। ਅੰਤਾਂ ਦੀ ਮਾਇਕ ਔਕੜ ਤੇ ਹੋਰ ਕਈ ਕਿਸਮ ਦੀਆਂ ਮੁਸ਼ਕਲਾਂ ਦੇ ਵਕਤ ਅਸੀਂ ਆਪਣਾ ਮਾਨਸਿਕ ਸੰਤੁਲਨ ਡੋਲਣ ਨਹੀਂ ਦਿੱਤਾ। ਤੇ ਨਾ ਹੀ ਕਿਸੇ ਤਰ੍ਹਾਂ ਦੀ ਹੀਣ-ਭਾਵਨਾ ਨੂੰ ਆਪਣੇ 'ਤੇ ਹਾਵੀ ਹੋਣ ਦਿੱਤਾ। ਹੀਣ-ਭਾਵਨਾ ਤੋਂ ਬਿਨਾਂ ਅੰਤਾਂ ਦੀ ਗਰੀਬੀ ਵੀ ਮਾਰੂ ਨਹੀਂ ਜਾਪਦੀ। ਸਗੋਂ ਅਥਾਹ ਤਾਕਤ ਦੇਂਦੀ ਹੈ।

ਅੱਜ ਮੈਂ ਆਪਣੀ ਜ਼ਿੰਦਗੀ ਦੀ ਇਕ ਅਣਮੋਲ ਘਟਨਾ ਤੁਹਾਡੇ ਨਾਲ ਸਾਂਝੀ ਕਰਨ ਲੱਗੀ ਹਾਂ। ਵਿਆਹ ਤੋਂ ਬਾਅਦ ਮੈਨੂੰ ਬੰਬਈ ਆਈ ਨੂੰ ਚਾਰ ਕੁ ਦਿਨ ਹੋਏ ਸਨ, ਕਿ ਇਕ ਦਿਨ ਸੁਖਬੀਰ ਜੀ ਨੇ ਮੈਨੂੰ ਇਕ ਬੰਦ ਲਿਫ਼ਾਫ਼ਾ ਦਿੱਤਾ। ਉਹ ਫੜਕੇ ਮੈਂ ਸੋਚਿਆ ਕਿ

ਸ਼ਾਇਦ ਉਹਨਾਂ ਨੂੰ ਤਨਖਾਹ ਮਿਲੀ ਹੈ ਤੇ ਦੇ ਰਹੇ ਹਨ। ਮੈਂ ਮਨ ਹੀ ਮਨ 'ਚ ਬੜੀ ਖੁਸ਼ ਹੋਈ, "ਇਹ ਕੀ ਹੈ?" ਮੈਂ ਪੁੱਛਿਆ। "ਖੋਲ੍ਹਕੇ ਦੇਖੋ।" ਮੈਂ ਜਦ ਲਿਫ਼ਾਫ਼ਾ ਖੋਲ੍ਹਿਆ ਤਾਂ ਉਸ 'ਚ ਕਾਗ਼ਜ਼ 'ਤੇ ਲਿਖੀ ਹੋਈ ਇਕ ਕਵਿਤਾ ਸੀ। ਮੈਂ ਬੜੀ ਹੈਰਾਨ ਹੋਈ ਤੇ ਪੁੱਛਿਆ, "ਕੀ ਤੁਸੀਂ ਕਵਿਤਾਵਾਂ ਲਿਖਦੇ ਹੋ?" "ਕੀ ਤੁਹਾਨੂੰ ਕੋਈ ਏਤਰਾਜ਼ ਹੈ?" "ਹੁਣ ਏਤਰਾਜ਼ ਕਰਨ ਦਾ ਕੀ ਫਾਇਦਾ, ਜੇ ਪਹਿਲੇ ਪਤਾ ਲੱਗ ਜਾਂਦਾ, ਤਾਂ ਮੈਂ ਵਿਆਹ ਤੋਂ ਇਨਕਾਰ ਕਰ ਦੇਣਾ ਸੀ।" "ਕਿਉਂ?" "ਮੈਨੂੰ ਕਵੀਆਂ ਦਾ ਪਹਿਰਾਵਾ ਤੇ ਰਹਿਣੀ-ਬਹਿਣੀ ਬਿਲਕੁੱਲ ਪਸੰਦ ਨਹੀਂ," ਮੈਂ ਉੱਤਰ ਦਿੱਤਾ। ਸੁਖਬੀਰ ਜੀ ਮੇਰੀ ਗੱਲ ਸੁਣ ਕੇ ਹੱਸ ਪਏ।

ਮੈਂ ਕਵਿਤਾ ਪੜ੍ਹੀ, ਬਹੁਤ ਚੰਗੀ ਲੱਗੀ। ਉਹ ਕਵਿਤਾ ਮੇਰੇ ਲਈ ਲਿਖੀ ਗਈ ਸੀ। ...ਸਿਰਫ ਮੇਰੇ ਲਈ !...ਮੈਨੂੰ ਇੰਜ ਮਹਿਸੂਸ ਹੋਇਆ ਜਿਵੇਂ ਸੁਖਬੀਰ ਜੀ ਦੀ ਕਵਿਤਾ ਨੇ ਮੈਨੂੰ 'ਆਮ' ਤੋਂ 'ਖਾਸ' ਬਣਾ ਦਿੱਤਾ ਹੋਏ। ਕਵਿਤਾ ਦਾ ਸਿਰਲੇਖ ਸੀ: 'ਜੀ ਆਇਆਂ ਨੂੰ'।

ਮੈਂ ਅੱਜ ਵੀ ਜਦ ਕਦੇ ਉਦਾਸ ਹੋ ਜਾਂਦੀ ਹਾਂ, ਤਾਂ ਕਵਿਤਾ ਦੀਆਂ ਇਹ ਆਖਰੀ ਸਤਰਾਂ ਗੁਣਗੁਣਾ ਲੈਂਦੀ ਹਾਂ:

ਜੀ ਆਇਆਂ ਨੂੰ, ਅੱਜ ਦਲ੍ਹੀਜ ਮੇਰੀ ਤੇਰੇ ਕਦਮਾਂ ਤੋਂ ਸਦਕੇ
ਦਿਲ ਦੀ ਇਹ ਦਲ੍ਹੀਜ ਕਿ ਜਿਸਨੂੰ ਛੋਹ ਛੋਹ ਮੁੜ ਗਏ ਕਦਮ ਅਨੇਕਾਂ
ਤੂੰ ਆਈ ਹੈਂ, ਫੁੱਲ ਖਿੜੇ ਹਨ, ਕੰਧਾਂ ਲਰਜੀਆਂ ਰੇਸ਼ਮ ਵਾਕਰ
ਖੁਸ਼ੀਆਂ ਵਿਚ ਅੱਜ ਕੂਣ ਨਾ ਹੁੰਦਾ, ਕੀ ਆਖਣ ਕਵਿਤਾ ਦੀਆਂ ਬੁਲ੍ਹੀਆਂ।

ਮੋਬਾਈਲ ਨੰਬਰ: 99672-60665

❀

ਚੈਖ਼ੋਵ ਨੇ ਲੇਖਕ ਦੇ ਈਮਾਨਦਾਰ ਹੋਣ 'ਤੇ ਬਹੁਤ ਜ਼ੋਰ ਦਿੱਤਾ ਸੀ। ਕਿਸੇ ਇਕ ਖ਼ਾਸ ਵਿਚਾਰਧਾਰਾ ਨੂੰ ਕੱਟੜਤਾ ਦੀ ਹੱਦ ਤਕ ਮੰਨਣ ਅਤੇ ਪ੍ਰਚਾਰਨ ਵਾਲਾ ਲੇਖਕ ਕਿੰਨਾ ਕੁ ਈਮਾਨਦਾਰ ਹੋ ਸਕਦਾ ਹੈ? ਈਮਾਨਦਾਰੀ ਤੋਂ ਬਿਨਾਂ ਉਸ ਦੇ ਪਾਤਰ ਮਨੋਵਿਗਿਆਨਕ ਨੁਕਤੇ ਤੋਂ ਹੀ ਨਹੀਂ, ਸਮਾਜਕ ਤੇ ਆਰਥਿਕ ਨੁਕਤੇ ਤੋਂ ਵੀ ਸਹੀ ਜਾਂ ਯਥਾਰਥਕ ਨਹੀਂ ਹੋ ਸਕਦੇ। ਏਸੇ ਈਮਾਨਦਾਰੀ 'ਤੇ ਹੈਮਿੰਗਵੇ ਨੇ ਵੀ ਬਹੁਤ ਜ਼ੋਰ ਦਿੱਤਾ ਸੀ— ਖ਼ਾਸ ਕਰ ਲਿਖਣ ਦੀ ਕਲਾ ਦੇ ਨੁਕਤੇ ਤੋਂ। ਬਾਹਰਲੀ ਦੁਨੀਆਂ ਤੋਂ ਲੈ ਕੇ ਮਨ ਅੰਦਰਲੀ ਦੁਨੀਆਂ (ਸੋਚਾਂ, ਜਜ਼ਬਿਆਂ, ਸੁਪਨਿਆਂ) ਦੇ ਸਹੀ ਬਿਆਨ ਲਈ ਲੇਖਕ ਲਈ ਜਿਥੇ ਈਮਾਨਦਾਰ ਹੋਣਾ ਜ਼ਰੂਰੀ ਹੈ, ਉਥੇ ਭਾਸ਼ਾ ਸ਼ੈਲੀ ਦੇ ਨੁਕਤੇ ਤੋਂ ਸਹੀ ਢੰਗ ਨਾਲ ਬਿਆਨ ਕਰਨ ਲਈ ਕਲਾਕਾਰ ਹੋਣਾ ਵੀ ਜ਼ਰੂਰੀ ਹੈ। ਹੈਮਿੰਗਵੇ ਨੇ ਜਿਸ 'ਸੱਚੀ ਲਿਖਤ' (True Writing) 'ਤੇ ਜ਼ੋਰ ਦਿੱਤਾ ਸੀ (ਜਿਸ ਲਈ ਕਿ ਉਸ ਨੇ ਔਖੀ ਤੇ ਲੰਮੀ ਘਾਲਣਾ ਘਾਲੀ ਸੀ), ਉਹ ਈਮਾਨਦਾਰੀ ਤੇ ਲਿਖਣ-ਕਲਾ ਤੋਂ ਬਿਨਾਂ ਨਹੀਂ ਲਿਖੀ ਜਾ ਸਕਦੀ। ਉਸ ਲਈ ਇਹਨਾਂ ਦੋਹਾਂ ਗੁਣਾਂ ਦੀ ਲੋੜ ਹੈ, ਜਿਸ ਨੂੰ ਹੈਮਿੰਗਵੇ ਨੇ fake writing ਕਿਹਾ ਹੈ—ਯਾਨੀ ਬਨਾਉਟੀ, ਨਕਲੀ, ਚਾਲਬਾਜ਼ੀ ਵਾਲੀ, ਲਿੰਬੀ ਪੋਚੀ ਹੋਈ, ਜਾਲੀ।

ਸੁਖਬੀਰ ਦੇ ਲੇਖ 'ਸਾਹਿਤ ਤੇ ਸੱਚ' ਵਿਚੋਂ

ਸਵੈ ਕਥਨ

ਅੱਜ ਤੋਂ ਦਸ ਸਾਲ ਪਹਿਲਾਂ ਗੁਰੂ ਨਾਨਕ ਦੇਵ ਹਸਪਤਾਲ ਤੋਂ ਸੀਨੀਅਰ ਸਟਾਫ਼ ਦੇ ਕੁਝ ਮੈਂਬਰ ਆਏ ਤੇ ਇਕ ਮਰੀਜ਼ ਬਾਰੇ ਪੁੱਛਣ ਲੱਗੇ ਕਿ ਉਹ ਕਿਵੇਂ ਠੀਕ ਹੋਇਆ ਹੈ। ਇਹ ਉਹ ਮਰੀਜ਼ ਸੀ ਜੋ ਕਿ ਮੇਰੇ ਕੋਲ ਗੁਰਦੁਆਰੇ ਡਿਸਪੈਂਸਰੀ ਵਿਚ ਆਇਆ ਸੀ। ਉਸਦਾ ਗੁਰੂ ਨਾਨਕ ਦੇਵ ਹਸਪਤਾਲ ਵਿਚ Vencore Veins ਦਾ ਇਲਾਜ਼ ਚਲਦਾ ਪਿਆ ਸੀ। ਡਾਕਟਰ ਕਹਿੰਦੇ ਸੀ ਕਿ ਇਸਦਾ ਆਪਰੇਸ਼ਨ ਹੋਣਾ ਹੈ। ਪਰ ਉਹ ਉਸਦਾ ਆਪਰੇਸ਼ਨ ਨਹੀਂ ਸੀ ਕਰ ਰਹੇ। ਉਸਨੂੰ ਬਲੱਡ ਸ਼ੂਗਰ ਵੀ ਸੀ, ਤੇ ਉਹ ਕਾਫੀ ਦੇਰ ਤੋਂ ਹਸਪਤਾਲ ਵਿਚ ਦਾਖ਼ਲ ਸੀ। ਡਿਸਪੈਂਸਰੀ ਵਿਚ ਤਿੰਨ ਚਾਰ ਮਹੀਨੇ ਉਸਦਾ ਇਲਾਜ਼ ਚੱਲਿਆ ਤੇ ਉਹ ਠੀਕ ਹੋ ਕੇ ਵਾਪਸ ਹਸਪਤਾਲ ਗਿਆ। ਇਸ ਤੋਂ ਪਹਿਲਾਂ ਹਸਪਤਾਲ ਤੋਂ ਹੋਰ ਵੀ ਕਈ ਮਰੀਜ਼ ਠੀਕ ਹੋ ਚੁੱਕੇ ਸਨ।

ਮੇਰਾ ਜਨਮ 1 ਜੁਲਾਈ 1952 ਨੂੰ ਪਿੰਡ ਵਡਾਲੀ ਗੁਰੂ, ਅੰਮ੍ਰਿਤਸਰ ਵਿਖੇ ਹੋਇਆ। ਮੈਂ ਤਿੰਨ ਭਰਾ ਅਤੇ ਚਾਰ ਭੈਣਾਂ ਵਿਚੋਂ ਸਭ ਤੋਂ ਛੋਟਾ ਸੀ। ਮੇਰੇ ਪਿਤਾ ਸ੍ਰ. ਤਾਰਾ ਸਿੰਘ ਜੀ ਪੇਸ਼ਾਵਰ, ਪਾਕਿਸਤਾਨ ਵਿਚ ਹਾਈ ਸਕੂਲ ਵਿਚ ਅਧਿਆਪਕ ਸਨ। ਉਹ ਪਾਕਿਸਤਾਨ ਬਣਨ ਤੋਂ ਬਾਅਦ ਅੰਮ੍ਰਿਤਸਰ ਆ ਗਏ। ਉਹਨਾਂ ਨੂੰ ਸੰਤ ਸਿੰਘ ਸੁੱਖਾ ਸਿੰਘ ਹਾਈ ਸਕੂਲ ਵਿਚ ਨੌਕਰੀ ਮਿਲ ਗਈ। ਉਹਨਾਂ ਦਾ 1961 ਵਿਚ ਐਕਸੀਡੈਂਟ ਹੋ ਗਿਆ ਅਤੇ ਉਹ ਸਾਨੂੰ ਸਦੀਵੀ ਵਿਛੋੜਾ ਦੇ ਗਏ। ਮਾਤਾ ਜੀ ਨੇ ਸਾਨੂੰ ਬੜੀ ਹਿੰਮਤ ਤੇ ਮਿਹਨਤ ਨਾਲ ਪੜ੍ਹਾਇਆ, ਲਿਖਾਇਆ। ਇਸਦੇ ਨਾਲ ਹੀ ਸਾਡੇ ਵੱਡੇ ਭਰਾ ਹਰਜੀਤ ਸਿੰਘ ਜੀ ਦਾ ਪਰਿਵਾਰ ਨੂੰ ਪਾਲਣ ਪੋਸ਼ਣ ਵਿਚ ਵੱਡਾ ਯੋਗਦਾਨ ਰਿਹਾ ਹੈ। ਉਹਨਾਂ ਨੇ ਆਟੋ ਇਲੈਕਟ੍ਰੀਸ਼ਨ ਹੁੰਦਿਆਂ ਹੋਇਆਂ ਵੀ ਸਮੇਂ ਦੀ ਮੰਗ ਵੇਖਕੇ ਬਿਜਲੀ ਬੋਰਡ ਵਿਚ ਡਰਾਈਵਰ ਦੀ ਨੌਕਰੀ ਕਰ ਲਈ। ਇਸ ਤਰ੍ਹਾਂ ਉਹਨਾਂ ਨੇ ਘਰ ਦੀ ਜ਼ਿੰਮੇਵਾਰੀ ਸਮਝਦਿਆਂ ਹੋਇਆਂ ਮਾਤਾ ਜੀ ਦਾ ਸਾਥ ਦੇ ਕੇ ਸਾਨੂੰ ਪੜ੍ਹਾਇਆ, ਲਿਖਾਇਆ ਤੇ ਸਾਰਿਆਂ ਦੇ ਵਿਆਹ ਕੀਤੇ। ਉਹ ਅਜੇ ਤਕ ਵੀ ਪਰਿਵਾਰ ਦੇ ਵੱਡੇ ਮੈਂਬਰ ਦਾ ਫਰਜ਼ ਨਿਭਾ ਰਹੇ ਹਨ।

ਮੈਂ ਅੱਠਵੀਂ ਕਲਾਸ ਤਕ ਪੜ੍ਹਾਈ ਪਿੰਡ ਦੇ ਸਕੂਲ ਵਿਚ ਕੀਤੀ ਅਤੇ ਫਿਰ ਮੈਂ ਸੰਤ ਸਿੰਘ ਸੁੱਖਾ ਸਿੰਘ ਸੀਨੀਅਰ ਸੈਕੰਡਰੀ ਸਕੂਲ ਵਿਚ ਚਲਾ ਗਿਆ। ਮੇਰਾ ਸਕੂਲ ਘਰ ਤੋਂ ਗਿਆਰਾਂ ਕਿਲੋਮੀਟਰ ਦੂਰ ਸੀ, ਮੈਂ ਸਾਈਕਲ 'ਤੇ ਸਕੂਲ ਜਾਂਦਾ ਸੀ। ਦੁਪਹਿਰੇ ਘਰ ਆ ਕੇ ਮੈਂ ਸ਼ਾਮ ਨੂੰ ਬੈਡਮਿੰਟਨ ਖੇਡਣ ਲਈ ਬੈਡਮਿੰਟਨ ਹਾਲ ਗਾਂਧੀ ਗਰਾਊਂਡ ਜਾਂਦਾ ਸੀ। ਸਾਡੇ ਸਕੂਲ ਦੇ ਪ੍ਰਿੰਸੀਪਲ ਸ੍ਰ. ਸਵਰਨ ਸਿੰਘ ਬਹੁਤ ਮਿਹਨਤੀ ਇਨਸਾਨ ਸਨ। ਉਹ ਸਰਦੀਆਂ ਵਿਚ ਰਾਤ ਨੂੰ ਦੋ ਘੰਟੇ ਗਿਆਰ੍ਹਵੀਂ ਕਲਾਸ ਦੀ ਫ੍ਰੀ ਕੋਚਿੰਗ ਕਲਾਸ ਲਗਾਉਂਦੇ ਸਨ। ਸਾਨੂੰ ਉਹ ਕਲਾਸ ਅਟੈਂਡ ਕਰਨਾ ਜ਼ਰੂਰੀ ਹੁੰਦਾ ਸੀ। ਉਹ ਕਲਾਸ ਅਟੈਂਡ ਕਰਕੇ, ਮੈਂ ਰਾਤ ਨੂੰ 10-11 ਵਜੇ ਸਾਈਕਲ 'ਤੇ ਘਰ ਪਹੁੰਚਦਾ ਸੀ।

ਸਕੂਲ ਤੋਂ ਬਾਅਦ ਮੈਂ ਆਈ.ਟੀ.ਆਈ. ਵਿਚ ਦਾਖਲ ਹੋ ਗਿਆ। ਉਸ ਸਾਲ ਵਿਚ

ਹੀ ਮੈਂ ਏਅਰ ਫੋਰਸ ਦਾ ਟੈਸਟ ਦਿੱਤਾ ਤੇ ਪਾਸ ਹੋ ਗਿਆ। ਪਰ ਉਸ ਟਾਈਮ ਦੇ ਅਫ਼ਸਰਾਂ ਨੇ ਨੌਕਰੀ ਵਿਚ ਦਾਖਲ ਨਾ ਹੋਣ ਦਿੱਤਾ ਤੇ ਮੇਰਾ ਇਕ ਸਾਲ ਬਰਬਾਦ ਕੀਤਾ; ਕਿਉਂਕਿ ਮੈਨੂੰ ਆਈ.ਟੀ.ਆਈ. ਛੱਡਣੀ ਪਈ ਸੀ। ਫਿਰ ਮੈਂ ਪ੍ਰਾਈਵੇਟ ਰੇਡਿਓ ਟੈਲੀਵਿਜਨ ਦਾ ਡਿਪਲੋਮਾ ਕੀਤਾ ਤੇ ਟੈਲੀਵਿਜ਼ਨ ਕੰਪਨੀ ਵਿਚ ਨੌਕਰੀ ਕਰ ਲਈ। ਨੌਕਰੀ ਦੇ ਨਾਲ-ਨਾਲ ਮੈਂ ਬ੍ਰਿਟਿਸ਼ ਇੰਸਟੀਚਿਊਟ ਆੱਫ ਇੰਡੀਆ, ਮੁੰਬਈ ਤੋਂ ਡਾਕ ਰਾਹੀਂ ਬੈਚਲਰ ਡਿਗਰੀ ਇੰਨ ਇਲੈਕਟ੍ਰੋਨਿਕਸ ਵਿਚ ਪੜ੍ਹਾਈ ਕੀਤੀ।

1987 ਵਿਚ ਮੇਰੀ ਜ਼ਿੰਦਗੀ 'ਚ ਨਵਾਂ ਮੋੜ ਆ ਗਿਆ, ਜਿਸਨੇ ਮੇਰੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ। ਐਕਸੀਡੈਂਟ ਵਿਚ ਮੇਰੀ ਲੱਤ ਟੁੱਟ ਗਈ। ਲੱਤ ਵਿਚ ਜ਼ਹਿਰਬਾਦ ਹੋ ਗਿਆ। ਡਾਕਟਰ ਕਹਿਣ ਲੱਗੇ ਕਿ ਲੱਤ ਕੱਟਣੀ ਪਵੇਗੀ। ਮੈਂ ਕੱਟਣ ਲਈ ਸਾਈਨ ਵੀ ਕਰ ਦਿੱਤੇ ਪਰ ਡਾਕਟਰਾਂ ਨੇ ਲੱਤ ਬਚਾ ਲਈ। ਲੱਤ ਤਾਂ ਬਚ ਗਈ ਪਰ ਫਿਰ ਡਾਕਟਰ ਕਹਿਣ ਲੱਗੇ ਕਿ ਲੱਤ ਤਾਂ ਬਚ ਗਈ ਹੈ ਪਰ ਇਸ ਦੀ ਮੂਵਮੈਂਟ ਨਹੀਂ ਹੋ ਸਕਣੀ। ਇਸ ਲਈ ਗੋਡਾ ਬਦਲਣਾ ਪੈਣਾ ਹੈ। ਮੈਂ ਗੋਡਾ ਬਦਲਣ ਤੋਂ ਨਾਂਹ ਕਰ ਦਿੱਤੀ। ਮੈਨੂੰ ਪਰਮਾਤਮਾ ਨੇ ਹਿੰਮਤ ਬਖਸ਼ੀ ਤੇ ਮੈਂ ਐਕੂਪ੍ਰੈਸ਼ਰ ਤੇ ਐਕਸਰਸਾਈਜ ਦੀ ਮਦਦ ਨਾਲ ਗੋਡੇ ਦੀ ਮੂਵਮੈਂਟ ਕਰ ਲਈ। ਇਸ ਤਰ੍ਹਾਂ ਇਕ ਸਾਲ ਤੇ ਪੰਜ ਮਹੀਨੇ ਵਿਚ ਮੈਂ ਫਿਰ ਆਪਣੀ ਰੁਟੀਨ ਵਿਚ ਆ ਗਿਆ ਤੇ ਇਲੈਕਟ੍ਰੋਨਿਕ ਕੰਪਨੀ ਵਿਚ ਵਾਪਸ ਚਲਾ ਗਿਆ। ਨੌਕਰੀ ਦੇ ਨਾਲ-ਨਾਲ ਮੈਂ ਬੀ.ਟੈਕ ਕਰ ਰਹੇ ਵਿਦਿਆਰਥੀਆਂ ਨੂੰ ਕੋਚਿੰਗ ਵੀ ਦਿੰਦਾ ਸੀ। ਇਸਦੇ ਨਾਲ-ਨਾਲ ਮੇਰੀ ਐਕੂਪ੍ਰੈਸ਼ਰ ਅਤੇ ਹੋਮਿਓਪੈਥੀ ਦੀ ਸ਼ੌਕੀਆ ਪੜ੍ਹਾਈ ਚਲਦੀ ਰਹੀ। ਮੇਰੀ ਲੱਤ ਠੀਕ ਹੋਈ ਵੇਖਕੇ ਮੇਰੇ ਕੋਲ ਮਰੀਜ਼ ਆਉਣ ਲੱਗ ਪਏ। ਇਸ ਤਰ੍ਹਾਂ ਮੈਂ ਸ਼ਾਮ ਨੂੰ ਦੋ ਘੰਟੇ ਮਰੀਜ਼ ਵੇਖਣੇ ਸ਼ੁਰੂ ਕਰ ਦਿੱਤੇ।

1996-97 ਵਿਚ ਫਿਰ ਇਕ ਨਵਾਂ ਮੋੜ ਆਇਆ ਕਿ ਮਰੀਜ਼ਾਂ ਦੇ ਜੋਰ ਪਾਉਣ ਤੇ ਮੈਨੂੰ ਬਸੰਤ ਐਵੀਨਿਊ ਵਿਚ ਪ੍ਰੈਕਟਿਸ ਕਰਨੀ ਪਈ। ਮੇਰੇ ਕੋਲ ਟਾਈਮ ਨਾ ਹੋਣ ਕਰਕੇ ਮੈਨੂੰ ਇਲੈਕਟ੍ਰੋਨਿਕ ਟੈਲੀਵਿਯਨ ਕੰਪਨੀ ਛੱਡਣੀ ਪਈ। ਅਜੇ ਥੋੜ੍ਹਾ ਚਿਰ ਹੀ ਮੇਰੀ ਪ੍ਰੈਕਟਿਸ ਨੂੰ ਹੋਇਆ ਸੀ ਕਿ ਮੇਰਾ ਫਿਰ ਐਕਸੀਡੈਂਟ ਹੋਇਆ ਤੇ ਸਿਰ 'ਚ ਸੱਟ ਲੱਗਣ ਕਰਕੇ ਕੋਮਾ ਵਿਚ ਚਲਾ ਗਿਆ। ਡਾਕਟਰਾਂ ਨੇ ਜੁਆਬ ਦੇ ਦਿੱਤਾ ਤੇ ਕਿਹਾ ਸਾੱਰੀ ਇਸ ਨੂੰ ਅਮਰੀਕਾ ਭੇਜਣਾ ਪਵੇਗਾ। ਇਸਦਾ ਇਲਾਜ ਇਥੇ ਮੁਸ਼ਕਿਲ ਹੈ। ਪਰ ਦੱਸਦੇ ਹਨ ਕਿ ਪਰਮਾਤਮਾ ਦੀ ਕ੍ਰਿਪਾ ਹੋਈ ਤੇ ਮੈਂ ਹੋਮਿਓਪੈਥਿਕ ਦਵਾਈ ਨਾਲ ਕੋਮਾ ਵਿਚੋਂ ਬਾਹਰ ਆ ਗਿਆ। ਇਸ ਤਰ੍ਹਾਂ ਹੋਮਿਓਪੈਥਿਕ ਪ੍ਰਣਾਲੀ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਉਸ ਸਮੇਂ ਡਾਕਟਰਾਂ ਨੇ ਮੈਨੂੰ

ਸਲਾਹ ਦਿੱਤੀ ਕਿ ਸਿਰ ਦੀ ਇੰਜਰੀ ਕਰਕੇ ਮੈਨੂੰ ਇਲੈਕਟ੍ਰੋਨਿਕ ਲਾਈਨ ਵਿਚ ਕੰਮ ਕਰਨ ਦੀ ਮੁਸ਼ਕਿਲ ਆਵੇਗੀ। ਮੈਨੂੰ ਇਲੈਕਟ੍ਰੋਨਿਕ ਪ੍ਰਣਾਲੀ ਛੱਡ ਕੇ ਐਕੂਪ੍ਰੈਸ਼ਰ ਤੇ ਹੋਮਿਓਪੈਥਿਕ ਪ੍ਰਣਾਲੀ ਵਿਚ ਆ ਜਾਣਾ ਚਾਹੀਦਾ ਹੈ। ਫਿਰ ਮੈਂ ਡਾਕਟਰਾਂ ਦੀ ਮਦਦ ਨਾਲ ਕਲਕੱਤੇ ਤੋਂ ਡਾਕ ਰਾਹੀਂ ਪੜ੍ਹਾਈ ਸ਼ੁਰੂ ਕੀਤੀ। ਡਾਕਟਰ ਮਹਿੰਦਰ ਸਿੰਘ ਜੱਸਲ ਜੋ ਕਿ ਸੀ.ਐਮ.ਓ. ਰਿਟਾਇਰ ਹੋਏ ਹਨ, ਉਹਨਾਂ ਨੇ ਮੈਨੂੰ ਪੜ੍ਹਾਈ ਕਰਨ ਦਾ ਰਾਹ, ਤਰੀਕਾ ਦੱਸਿਆ। ਡਾਕਟਰ ਨਰਿੰਦਰ ਸਿੰਘ ਜੋਕਿ ਬੱਚਿਆਂ ਦੇ ਮਾਹਿਰ ਡਾਕਟਰ ਹਨ, ਉਹਨਾਂ ਨੇ ਪੜ੍ਹਾਈ ਕਰਨ ਵਿਚ ਮੇਰੀ ਸਹਾਇਤਾ ਕੀਤੀ। ਡਾਕਟਰ ਨਰਿੰਦਰ ਸਿੰਘ ਉਹ ਇਨਸਾਨ ਹਨ, ਜਿੰਨਾਂ ਨੇ ਪੜ੍ਹਾਈ ਵਿਚ ਤਾਂ ਮੇਰੀ ਮਦਦ ਕੀਤੀ, ਉੱਥੇ ਨਾਲ-ਨਾਲ ਮੇਰੀ ਹਰ ਐਕਸੀਡੈਂਟ ਵਿਚ ਪੂਰੀ ਮਦਦ ਕੀਤੀ। ਇਸ ਤਰ੍ਹਾਂ ਦੇ ਮੇਰੇ ਚਾਰ ਐਕਸੀਡੈਂਟ ਹੋਏ ਹਨ। ਹਰ ਐਕਸੀਡੈਂਟ ਵਿਚ ਉਹ ਮੇਰੇ ਨਾਲ ਖੜ੍ਹੇ ਰਹੇ ਹਨ। ਇਸ ਤਰ੍ਹਾਂ ਮੈਂ ਹੁਣ ਪਰਮਾਤਮਾ ਦੀ ਮਿਹਰਬਾਨੀ ਸਦਕਾ ਐਕੂਪ੍ਰੈਸ਼ਰ ਤੇ ਹੋਮਿਓਪੈਥੀ ਪੜ੍ਹਾਈ ਰਾਹੀਂ ਲੋਕਾਂ ਦੀ ਸੇਵਾ ਕਰਦਿਆਂ ਹੋਇਆਂ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰ ਰਿਹਾ ਹਾਂ।

ਇਕ ਐਕਸੀਡੈਂਟ ਮੇਰਾ ਹੁਣ ਮਾਰਚ 2019 ਵਿਚ ਹੋਇਆ ਹੈ। ਜਿਸ ਵਿਚ ਮੇਰੀ ਰਿਬਸ ਇੰਜਰੀ, ਸਪਾਈਨ ਇੰਜਰੀ ਤੇ ਹੈੱਡ ਇੰਜਰੀ ਹੋਈ ਹੈ। ਡਾਕਟਰ ਕਹਿ ਰਹੇ ਕਿ ਮੈਂ ਦੋ ਹਫ਼ਤੇ ਕੋਮਾ ਵਿਚ ਰਿਹਾ ਹਾਂ ਤੇ ਮੇਰਾ ਜਨਮ ਦੁਬਾਰਾ ਹੋਇਆ ਹੈ। ਮੈਂ ਠੀਕ ਹੋ ਰਿਹਾ ਹਾਂ ਤੇ ਸੇਵਾ ਵਿਚ ਜੁੱਟ ਗਿਆ ਹਾਂ। ਡਾਕਟਰ ਕਹਿ ਰਹੇ ਹਨ ਤੈਨੂੰ ਅਸੀਂ ਠੀਕ ਨਹੀਂ ਕੀਤਾ। ਤੈਨੂੰ ਤੇਰੀ ਵਿੱਲ ਪਾਵਰ, ਤੇਰੇ ਬੇਟੇ ਮਨਦੀਪ ਦੀ ਹਿੰਮਤ ਹੌਂਸਲਾ, ਤੇਰੇ ਭਰਾ ਹਰਜੀਤ ਸਿੰਘ, ਸਰਬੰਸ ਸਿੰਘ, ਦੋਸਤਾਂ ਦੀ ਮਦਦ ਤੇ ਲੋਕਾਂ ਦੀ ਦੁਆਵਾਂ ਨੇ ਠੀਕ ਕੀਤਾ ਹੈ। ਮੈਂ ਪਰਮਾਤਮਾ ਦਾ ਸ਼ੁਕਰਗੁਜ਼ਾਰ ਹਾਂ ਕਿ ਮੈਨੂੰ ਇਹੋ ਜਿਹੇ ਬੱਚੇ, ਭੈਣ, ਭਰਾ ਅਤੇ ਸੱਜਣ ਮਿੱਤਰਾਂ ਦੀ ਦੌਲਤ ਬਖਸ਼ਕੇ ਮੈਨੂੰ ਦੁਬਾਰਾ ਸੇਵਾ ਕਰਨ ਦਾ ਮੌਕਾ ਬਖਸ਼ਿਆ ਹੈ।

ਮੇਰਾ ਇਲੈਕਟ੍ਰੋਨਿਕਸ ਲਾਈਨ ਛੱਡ ਕੇ ਇਸ ਪ੍ਰਣਾਲੀ ਵਿਚ ਆਉਣ ਦਾ ਕਾਰਣ ਇਹ ਵੀ ਸੀ ਕਿ ਲੋਕ ਮੈਨੂੰ ਪੁੱਛਣ ਆਉਂਦੇ ਸਨ ਕਿ ਮੈਂ ਕਿਵੇਂ ਠੀਕ ਹੋਇਆ। ਮੈਨੂੰ ਮਹਿਸੂਸ ਹੁੰਦਾ ਸੀ ਕਿ ਪਤਾ ਨਹੀਂ ਕਿਤਨੇ ਇਹੋ ਜਿਹੇ ਲੋਕ ਹੋਣਗੇ ਜੋ ਪੈਸੇ ਦੀ ਕਮੀ ਕਰਕੇ ਮਹਿੰਗਾ ਇਲਾਜ਼ ਨਹੀਂ ਕਰਵਾ ਸਕਦੇ। ਇਸ ਲਈ ਮੈਂ ਇਸ ਸਸਤੀ ਅਤੇ ਬਿਨਾ ਕਿਸੇ ਨੁਕਸਾਨ ਦੀ ਪ੍ਰਣਾਲੀ ਰਾਹੀਂ ਲੋਕਾਂ ਦੀ ਸੇਵਾ ਕਰਨ ਦਾ ਫੈਸਲਾ ਕੀਤਾ।

ਜੋ ਇਹ ਸੁਪਨਾ ਜਵਾਨੀ ਵੇਲੇ ਮੇਰੇ ਮਨ ਵਿਚ ਆਇਆ, ਇਹ ਮੈਨੂੰ ਮਾਤਾ ਪਿਤਾ ਤੋਂ ਮਿਲੇ ਸੰਸਕਾਰ ਹਨ। ਪਰਮਾਤਮਾ ਦਾ ਸ਼ੁਕਰ ਹੈ ਕਿ ਉਸਨੇ ਮੈਨੂੰ ਡਾਕਟਰ ਬਣਾਕੇ ਸੇਵਾ ਕਰਨ ਦਾ ਮੌਕਾ ਦਿੱਤਾ ਤੇ ਮੇਰਾ ਸੁਪਨਾ ਪੂਰਾ ਕੀਤਾ। ਮੈਨੂੰ ਆਪਣੇ ਕਲੀਨਿਕ ਦੇ ਨਾਲ-ਨਾਲ, ਚੈਰੀਟੇਬਲ ਡਿਸਪੈਂਸਰੀਆਂ ਵਿਚ ਸੇਵਾ ਕਰਨ ਦਾ ਮੌਕਾ ਵੀ ਮਿਲਿਆ ਹੈ।

ਮੈਨੂੰ ਜ਼ਿੰਦਗੀ ਤੋਂ ਕੋਈ ਸ਼ਿਕਾਇਤ ਨਹੀਂ ਹੈ। ਦੁੱਖ ਸੁੱਖ ਤਾਂ ਸਾਡੀ ਜ਼ਿੰਦਗੀ ਦੇ ਦੋ ਪਹੀਏ ਹਨ। ਇਹ ਨਾਲ-ਨਾਲ ਚਲਦੇ ਰਹਿੰਦੇ ਹਨ। ਪਰਮਾਤਮਾ ਦਾ ਸ਼ੁਕਰ ਹੈ ਕਿ ਮੈਨੂੰ ਪਰਮਾਤਮਾ ਨੇ ਇਹਨਾਂ ਨਾਲ ਚਲਣ ਵਾਸਤੇ ਹਿੰਮਤ, ਹੌਂਸਲਾ ਬਖਸ਼ਿਆ ਹੈ। ਮੈਂ ਜ਼ਿੰਦਗੀ ਦੇ ਸੱਤ ਦਹਾਕੇ ਪੂਰੇ ਕਰ ਰਿਹਾ ਹਾਂ। ਜਿਸ ਵਿਚ ਚੰਗੇ ਭੈਣ-ਭਰਾ, ਦੋਸਤ-ਮਿੱਤਰ, ਚੰਗੇ ਬੱਚੇ ਤੇ ਵਧੀਆ ਪਰਿਵਾਰ ਮਿਲਿਆ ਹੈ। ਇਸ ਪਰਿਵਾਰ ਨੂੰ ਸੰਭਾਲਣ ਵਾਸਤੇ ਮੇਰੀ

ਜੀਵਨ ਸਾਥੀ ਮੇਰੀ ਪਤਨੀ ਪਰਮਿੰਦਰ ਕੌਰ ਮਿਲੀ ਹੈ। ਪਰਮਿੰਦਰ ਕੌਰ ਨਾਲ ਮੇਰਾ ਵਿਆਹ ਸਾਦੇ ਢੰਗ ਨਾਲ 1978 ਵਿਚ ਹੋਇਆ ਸੀ। ਸਾਡੀਆਂ ਦੋ ਬੇਟੀਆਂ ਅਤੇ ਇਕ ਬੇਟਾ ਹੈ।

ਮੈਨੂੰ ਜ਼ਿੰਦਗੀ ਵਿਚ ਸਭ ਕੁਝ ਮਿਲਣ ਦੇ ਬਾਵਜੂਦ ਮਨ ਵਿਚ ਇਹ ਤੜਪ ਹੈ ਕਿ ਸਾਡਾ ਨੌਜਵਾਨ ਵਰਗ ਨਸ਼ਿਆਂ ਵੱਲ ਜਾ ਰਿਹਾ ਹੈ। ਇਸ ਵਿਚ ਸਭ ਤੋਂ ਵੱਡਾ ਹੱਥ ਸਰਕਾਰ ਦਾ ਹੈ ਜੋ ਨਸ਼ਿਆਂ ਨੂੰ ਕੰਟਰੋਲ ਕਰਨ ਵੱਲ ਧਿਆਨ ਨਹੀਂ ਦੇ ਰਹੀ ਹੈ। ਇਹਨਾਂ ਨੂੰ ਰੋਜ਼ਗਾਰ ਦੇਣ ਵੱਲ ਧਿਆਨ ਨਹੀਂ ਦੇ ਰਹੀ। ਇਹ ਧਨਾਢ ਵਰਗ ਨੂੰ ਗੱਫੇ ਦੇ ਕੇ ਕਮਾਈ ਕਰ ਰਹੀ ਹੈ। ਇਸ ਵਿਚ ਇਕੱਲੀ ਸਰਕਾਰੀ ਹੀ ਗਲਤ ਨਹੀਂ ਹੈ, ਅਸੀਂ ਵੀ ਗਲਤ ਹਾਂ ਜੋ ਅੱਖਾਂ ਬੰਦ ਕਰਕੇ ਗਲਤ ਨੁਮਾਇੰਦੇ ਚੁਣਕੇ ਸਰਕਾਰ ਵਿਚ ਭੇਜ ਰਹੇ ਹਾਂ। ਧਾਰਮਿਕ ਆਗੂ, ਧਾਰਮਿਕ ਸਥਾਨਾਂ ਦੇ ਖਜ਼ਾਨੇ ਉੱਤੇ ਕਬਜਾ ਕਰਕੇ ਬੈਠੇ ਹਨ ਤੇ ਉਸਦੀ ਗਲਤ ਵਰਤੋਂ ਕਰ ਰਹੇ ਹਨ। ਜੇ ਉਹ ਇਸ ਖਜ਼ਾਨੇ ਦੀ ਵਰਤੋਂ ਨੌਜਵਾਨਾਂ ਲਈ, ਸਕੂਲ, ਕਾਲਜ਼ ਤੇ ਰੋਜਗਾਰ ਦੇ ਸਾਧਨ ਖੋਲ੍ਹਣ ਲਈ ਕਰਨ ਤਾਂ ਜੋ ਨੌਜਵਾਨਾਂ ਨੂੰ ਦੇਸ਼ ਤੋਂ ਬਾਹਰ ਜਾਣ ਦੀ ਲੋੜ ਨਾ ਪਵੇ। ਇਸ ਨਾਲ ਦੇਸ਼ ਦਾ ਖਜ਼ਾਨਾ ਦੇਸ਼ ਵਿਚ ਹੀ ਰਹੇਗਾ।

ਜਦੋਂ ਅਸੀਂ ਬੱਚੇ ਸੀ ਤਾਂ ਸਾਨੂੰ ਇਹ ਪੜ੍ਹਾਇਆ ਸਿਖਾਇਆ ਜਾਂਦਾ ਸੀ ਕਿ ਆਪਣੇ ਤੋਂ ਵੱਡਿਆਂ ਦੀ ਇੱਜ਼ਤ ਕਰੋ ਤੇ ਛੋਟਿਆਂ ਨੂੰ ਪਿਆਰ ਕਰੋ। ਪਰ ਹੁਣ ਇਸਦੇ ਉਲਟ ਹੈ। ਵੱਡਿਆਂ ਨੂੰ ਇਹ ਡਰ ਰਹਿੰਦਾ ਹੈ ਕਿ ਬੱਚੇ ਸਾਨੂੰ ਕੁੱਝ ਕਹਿ ਨਾ ਦੇਣ। ਉਸ ਟਾਈਮ ਬੱਚੇ ਨੰਗੇ ਪੈਰਾਂ ਨਾਲ ਗਲੀਆਂ ਵਿਚ ਖੇਡਦੇ ਸਨ ਤੇ ਉਹਨਾਂ ਨੂੰ ਕੁਝ ਵੀ ਨਹੀਂ ਸੀ ਹੁੰਦਾ। ਬੱਚੇ ਆਪਣੇ ਖਿਡਾਉਣੇ ਆਪ ਬਣਾਕੇ ਖੇਡਦੇ ਸੀ ਤੇ ਇਕ ਦੂਸਰੇ ਨਾਲ ਸ਼ੇਅਰ ਕਰਦੇ ਸਨ। ਪਰ ਹੁਣ ਇਸਦੇ ਉਲਟ ਹੈ। ਬਜ਼ੁਰਗ ਕਹਿੰਦੇ ਸਨ ਕਿ ਟਾਈਮ ਨਾਲ ਜਲਦੀ ਸੌਂ ਜਾਓ ਤੇ ਸਵੇਰੇ ਜਲਦੀ ਉੱਠੋ। ਪਰ ਹੁਣ ਮੋਬਾਇਲ ਰਾਤ ਸੌਣ ਨਹੀਂ ਦਿੰਦੇ। ਭਰਾ ਨੂੰ ਭਾਜੀ, ਪਾਪਾ ਜੀ, ਵੀਰ ਜੀ ਬੁਲਾਉਂਦੇ ਸੀ, ਹੁਣ ਬ੍ਰਦਰ ਹੋ ਗਿਆ ਹੈ। ਅਸੀਂ ਫਾਦਰ ਨੂੰ ਪਿਤਾ ਜੀ, ਭਾਪਾ ਜੀ ਕਹਿੰਦੇ ਸੀ, ਹੁਣ ਡੈਡ ਹੋ ਗਿਆ। ਚਾਚੇ ਨੂੰ ਚਾਚਾ ਜੀ ਕਹਿੰਦੇ ਸੀ, ਹੁਣ ਚਾਚੂ ਹੋ ਗਿਆ। ਜਨਾਨੀਆਂ ਪਤੀ ਦੀ ਇੱਜ਼ਤ ਕਰਦੀਆਂ ਸਨ, ਹੁਣ ਪਤੀ ਹਬੀ ਹੋ ਗਿਆ ਹੈ। ਉਸ ਟਾਈਮ ਬੱਚੇ ਮਿੱਠਾ ਖਾਂਦੇ ਸੀ ਪਰ ਮੋਟੇ ਨਹੀਂ ਸੀ ਹੁੰਦੇ। ਬੱਚੇ ਬਿਨਾਂ ਡਰ ਤੋਂ ਗਲੀਆਂ ਵਿਚ ਖੇਡਦੇ ਸੀ, ਜੋ ਹੁਣ ਨਹੀਂ ਹੈ। ਜਿੱਥੇ ਮਰਜੀ ਨਲਕੇ ਜਾਂ ਖੂਹੀ ਤੋਂ ਹੱਥ ਨਾਲ ਪਾਣੀ ਪੀ ਲਈਦਾ ਸੀ, ਹੁਣ ਪਾਣੀ ਲਈ ਪਲਾਸਟਿਕ ਦੀਆਂ ਬੋਤਲਾਂ ਆ ਗਈਆਂ ਹਨ।



ਮੇਰੇ ਤਾਇਆ ਜੀ ਜੋ ਕਿ ਸਕੂਲ ਟੀਚਰ ਰਿਟਾਇਰ ਹੋਏ ਸਨ, ਮੇਰਾ ਬਚਪਨ ਜ਼ਿਆਦਾ ਉਹਨਾਂ ਨਾਲ ਰਿਹਾ ਹੈ। ਉਹ ਕਹਿੰਦੇ ਸਨ ਜੇਕਰ ਜਿੰਦਗੀ ਵਿਚ ਕੁਝ ਬਣਨਾ ਹੈ ਤਾਂ ਤਿੰਨ ਚੀਜ਼ਾਂ ਛੱਡ ਦਿਓ। ਅੱਕਣਾ, ਝੁੱਕਣਾ ਤੇ ਥੱਕਣਾ। ਕੋਈ ਵੀ ਕੰਮ ਅਸੰਭਵ ਨਹੀਂ ਹੈ। ਮਿਹਨਤ ਨਾਲ ਤੁਸੀਂ ਅਸੰਭਵ ਨੂੰ ਸੰਭਵ ਕਰ ਸਕਦੇ ਹੋ।

ਸ਼ਬਦ ਚਿੱਤਰ

ਮ੍ਰਿਤਕ ਦੇਹ ਪੜ੍ਹਾਈ ਲਈ ਅਤੇ ਕਿਰਿਆ ਦੇ ਖਰਚ ਹੋਣ ਵਾਲੇ ਪੈਸੇ ਗ਼ਰੀਬਾਂ ਲਈ

ਪ੍ਰੋ: ਓ.ਪੀ. ਕਾਲੀਆ

ਓਮ ਪ੍ਰਕਾਸ਼ ਕਾਲੀਆ, ਅਠਵੇਂ ਦਹਾਕੇ ਨੂੰ ਢੁੱਕ ਰਹੇ, ਵੱਖ-ਵੱਖ ਸਿਖਿਅਕ ਸੰਸਥਾਵਾਂ ਵਿਚ ਪੜ੍ਹਾਉਂਦੇ, ਗੁਰੂ ਤੇਗ ਬਹਾਦਰ ਕਾਲਜ ਤੋਂ ਰਿਟਾਇਰ ਹੋਏ। ਮੇਹਨਤ ਅਤੇ ਲਗਨ ਵਰਗੇ ਮੂਲ ਮੰਤਰਾਂ ਨਾਲ ਜੀਵਨ ਬਿਤਾਉਂਦੇ, ਅਪਣੇ ਅੰਤਮ ਕਾਰਜ ਨੂੰ ਵੀ ਆਪਣੇ ਢੰਗ ਨਾਲ ਨੇਪਰੇ ਚੜ੍ਹਾਉਣ ਦੀ ਹਿਦਾਇਤ ਕਰ ਰਹੇ ਨੇ।

ਪਿਛਲੇ ਲੰਮੇ ਸਮੇਂ ਤੋਂ ਪੰਜਾਬ ਵਿਚ ਸਰੀਰ ਦਾਨ ਦੀ ਰਿਵਾਇਤ ਨੇ ਤੇਜੀ ਫੜੀ ਹੈ, ਪਰ ਉਨ੍ਹਾਂ ਦੀ ਅੰਤਿਮ ਇੱਛਾ ਇਸ ਤੋਂ ਵੀ ਅੱਗੇ ਦੀ ਹੈ; ਉਨ੍ਹਾਂ ਦੀ ਆਪਣੀ ਵਸੀਅਤ ਦਾ ਇਹ ਹਿੱਸਾ: "ਮੇਰੇ ਮ੍ਰਿਤਕ ਸਰੀਰ ਨੂੰ ਗੁਰੂ ਰਾਮਦਾਸ ਮੈਡੀਕਲ ਕਾਲਜ ਵੱਲਾ ਵਿਖੇ, ਬੱਚਿਆਂ ਦੇ ਖੋਜ ਕਾਰਜ ਲਈ ਦੇ ਦਿੱਤਾ ਜਾਵੇ। ਉਸ ਵਿਚੋਂ ਜੋ ਵੀ ਅੰਗ ਸਿਹਤਮੰਦ ਹੋਣ ਉਨ੍ਹਾਂ ਨੂੰ ਵਰਤੋਂ ਵਿਚ ਲੈ ਆਇਆ ਜਾਵੇ।

ਇਸ ਤੋਂ ਇਲਾਵਾਂ ਮੇਰੀ ਮੌਤ ਨੂੰ ਲੈ ਕੇ, ਅੰਤਮ ਰਸਮਾਂ ਦੇ ਰੂਪ ਵਿਚ ਕੋਈ ਵੀ ਰਸਮ ਅਤੇ ਧਾਰਮਿਕ ਕਰਮ ਕਾਂਡ ਨਾ ਕੀਤੀ ਜਾਵੇ। ਕੋਈ ਕ੍ਰਿਆ, ਉਠਾਲਾ ਆਦਿ ਨਾ ਹੋਵੇ। ਕਿਸੇ ਤਰ੍ਹਾਂ ਦੀ ਸ਼ੋਕ ਸਭਾ ਜਾਂ ਭਾਸ਼ਣ ਆਦਿ ਨਾ ਦਿੱਤੇ ਜਾਣ। ਕੁਝ ਕੁ ਨਜ਼ਦੀਕੀ ਦੋਸਤ, ਰਿਸ਼ਤੇਦਾਰ ਮੇਰੀ ਦੇਹ ਨੂੰ ਠਿਕਾਣੇ ਲਗਾ ਦੇਣ ਅਤੇ ਇਨ੍ਹਾਂ ਰਸਮਾਂ 'ਤੇ ਖਰਚ ਹੋਣ ਵਾਲੇ ਪੈਸੇ ਨੂੰ, ਗ਼ਰੀਬ ਬੱਚਿਆਂ ਦੀ ਪੜ੍ਹਾਈ ਲਈ ਦੇ ਦਿੱਤਾ ਜਾਵੇ।" -ਅਦਾਰਾ

ਉਚੇਰੀ ਪੜ੍ਹਾਈ ਵਿਚ ਅਕਸਰ ਵਿਸ਼ੇ ਨਾਲ ਸੰਬੰਧਤ ਕੁਝ ਪ੍ਰੈਕਟੀਕਲ ਵੀ ਕਰਵਾਏ ਜਾਂਦੇ ਹਨ ਤਾਂਕਿ ਸਿਖਿਆਰਥੀ ਨੂੰ ਸੰਪੂਰਨ ਜਾਣਕਾਰੀ ਮਿਲੇ। ਡਾਕਟਰੀ ਦੀ ਪੜ੍ਹਾਈ

ਵਿਚ ਤਾਂ ਇਹ ਹੋਰ ਵੀ ਜ਼ਰੂਰੀ ਸਮਝੀ ਜਾਂਦੀ ਹੈ ਤਾਂਕਿ ਭਵਿੱਖ ਦੇ ਡਾਕਟਰ ਨੂੰ ਮਨੁੱਖੀ ਸਰੀਰ ਦੀ ਬਣਤਰ ਬਾਰੇ ਭਰਪੂਰ ਜਾਣਕਾਰੀ ਹੋਵੇ, ਤਾਂ ਹੀ ਉਹ ਕਿਸੇ ਮਰੀਜ਼ ਦਾ ਇਲਾਜ਼ ਕਰਨਯੋਗ ਹੋਵੇਗਾ। ਸਰੀਰਕ ਜਾਣਕਾਰੀ ਦੇਣ ਲਈ ਮੈਡੀਕਲ ਦੀ ਪੜ੍ਹਾਈ ਕਰਵਾ ਰਹੇ ਅਦਾਰਿਆਂ ਨੂੰ ਦੇਹਾਂ ਦੀ ਜ਼ਰੂਰਤ ਹੁੰਦੀ ਹੈ ਪਰ ਸਾਡੇ ਦੇਸ਼ ਦੀਆਂ ਧਾਰਮਿਕ ਤੇ ਸਮਾਜਿਕ ਰਹੁ-ਰੀਤਾਂ ਕਾਰਨ ਲੋਕ ਦੇਹ-ਦਾਨ ਤੋਂ ਸੰਕੋਚ ਕਰਦੇ ਹਨ। ਇਹ ਦਲੀਲ ਦਿੱਤੀ

ਜਾਂਦੀ ਹੈ ਕਿ ਡਾਕਟਰੀ ਪੜ੍ਹਾਈ ਵਿਚ ਦੇਹ ਦਾ ਪੁਰਜ਼ਾ-ਪੁਰਜ਼ਾ ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਮਨੁੱਖ ਦਾ ਅਗਲਾ ਜਨਮ ਵੀ ਖੰਡਿਤ ਹੋ ਜਾਵੇਗਾ। ਅਕਸਰ ਮਨੁੱਖੀ ਸਰੀਰਾਂ ਦੀ ਘਾਟ ਹੀ ਰਹਿੰਦੀ ਹੈ ਤੇ ਸਿਰਫ਼ ਲਵਾਰਸ ਦੇਹਾਂ 'ਤੇ ਹੀ ਨਿਰਭਰ ਹੋਣਾ ਪੈਂਦਾ ਹੈ।

ਇਹਨਾਂ ਮਾਨਤਾਵਾਂ ਨੂੰ ਅਣਡਿੱਠ ਕਰਦਿਆਂ ਚੇਤਨ ਅਤੇ ਤਰਕਸ਼ੀਲ ਵਿਚਾਰਾਂ ਵਾਲੇ ਮਨੁੱਖ ਆਪਣੀ ਦੇਹ ਦਾਨ ਕਰਨ ਤੋਂ ਸੰਕੋਚ ਨਹੀਂ ਕਰਦੇ। ਇਨ੍ਹਾਂ ਸੋਚਾਂ ਨਾਲ ਪ੍ਰਣਾਏ ਅਗਾਂਹਵਧੂ ਵਿਚਾਰਾਂ 'ਤੇ ਪਹਿਰਾ ਦੇਂਦਿਆਂ ਪਿਛਲੇ ਦਿਨੀਂ ਪ੍ਰੋ. ਓ.ਪੀ. ਕਾਲੀਆ ਜੀ ਵਲੋਂ ਦੇਹ-ਦਾਨ ਕਰਨ ਦੀ ਸੂਚਨਾ ਇਕ ਮੈਸੇਜ ਵਿਚ ਪੜ੍ਹਨ ਨੂੰ ਮਿਲੀ। ਉਹ ਮੇਰੇ ਜਾਣਕਾਰ ਮਿੱਤਰ ਹਨ। ਸੋਚਿਆ, ਉਹਨਾਂ ਨੂੰ ਮਿਲ ਕੇ ਇਸ ਸੰਦੇਸ਼ ਦੀ ਪੁਸ਼ਟੀ ਕੀਤੀ ਜਾਵੇ। ਇਹ ਵੀ ਪਤਾ ਕੀਤਾ ਜਾਵੇ ਕਿ ਉਹਨਾਂ ਨੂੰ ਇਹ ਫ਼ੈਸਲਾ ਲੈਣ ਤੋਂ ਪਹਿਲਾਂ ਕਿਹੜੀਆਂ-ਕਿਹੜੀਆਂ ਪ੍ਰਸਥਿਤੀਆਂ ਵਿਚੋਂ ਲੰਘਣਾ ਪਿਆ। ਕੀ ਪਰਿਵਾਰਕ ਮੈਂਬਰਾਂ ਜਾਂ ਨਜ਼ਦੀਕੀ ਰਿਸ਼ਤੇਦਾਰਾਂ ਵੱਲੋਂ ਵਿਰੋਧ ਹੋਇਆ ਸੀ ਜਾਂ ਸਹਿਜੇ ਹੀ ਸਹਿਮਤ ਹੋ ਗਏ ਸਨ।

ਪ੍ਰੋ. ਕਾਲੀਆ ਜੀ ਦੀ ਸ਼ਖ਼ਸੀਅਤ ਐਸੀ ਹੈ ਕਿ ਮਿਲਣ ਵਾਲਾ ਉਹਨਾਂ ਨਾਲ ਸਾਂਝ ਪਾਉਣ ਵਿਚ ਮਾਣ ਮਹਿਸੂਸ ਕਰਦਾ ਹੈ। ਉਹ ਅੰਮ੍ਰਿਤਸਰ ਦੇ ਪੱਕੇ ਵਸਨੀਕ ਹਨ। ਉਹਨਾਂ ਨਾਲ ਮੇਰੀ ਮੁਲਾਕਾਤ ਸ਼ਹਿਜ਼ਾਦਾਨੰਦ ਕਾਲਜ ਵਿਚ ਲੋਕ ਲਿਖਾਰੀ ਸਭਾ ਵੱਲੋਂ ਕਰਵਾਈ ਗਈ ਗੋਸ਼ਟੀ ਵਿਚ ਹੋਈ ਸੀ, ਜਿਸ ਵਿਚ ਮੈਂ ਵੀ ਕਵਿਤਾ-ਪਾਠ ਕੀਤਾ ਸੀ। ਓਥੇ ਪੜ੍ਹੀਆਂ ਗਈਆਂ ਰਚਨਾਵਾਂ ਤੇ ਉਹਨਾਂ ਵੱਲੋਂ ਕੀਤੀਆਂ ਗਈਆਂ ਬੇਬਾਕ ਟਿੱਪਣੀਆਂ ਨੇ ਮੈਨੂੰ ਬੜਾ ਪ੍ਰਭਾਵਿਤ ਕੀਤਾ ਸੀ। ਵੈਸੇ ਤਾਂ ਉਹ ਇੰਗਲਿਸ਼ ਦੇ ਪ੍ਰੋਫ਼ੈਸਰ ਰਹੇ ਨੇ ਪਰ ਉਹਨਾਂ ਨੂੰ ਪੰਜਾਬੀ ਸਾਹਿਤ ਬਾਰੇ ਵੀ ਭਰਪੂਰ ਗਿਆਨ ਹੈ। ਉਹਨਾਂ ਦਾ ਮੱਤ ਹੈ ਕਿ ਹਰ ਲੇਖਕ ਆਪਣੇ ਚਿੰਤਨ, ਗਿਆਨ ਅਤੇ ਅਨੁਭਵ ਅਧਾਰਿਤ ਹੀ ਲਿਖਦਾ ਹੈ। ਕੋਈ ਵੀ ਲੇਖਕ ਵੱਡਾ-ਛੋਟਾ ਨਹੀਂ ਹੁੰਦਾ, ਇਹ ਸੰਕੀਰਣ ਸੋਚ ਹੈ ਅਤੇ ਅਕਸਰ ਇਹ ਕਾਰਜ ਵਿਦਵਾਨ ਅਲੋਚਕ ਹੀ ਕਰਦੇ ਹਨ। ਆਪਣੀ ਰਚਨਾ ਤੇ ਢਾਹੂ ਰੁਚੀਆਂ ਵਾਲੀ ਅਲੋਚਨਾ ਹੋਣ ਕਰਕੇ ਕਈ ਲੇਖਕ ਲਿਖਣੋਂ ਹੀ ਪਾਸਾ ਵੱਟ ਲੈਂਦੇ ਹਨ।

ਅਗਲੀ ਮਿਲਣੀ ਤੇ ਦੇਹ ਦਾਨ ਕਰਨ ਬਾਰੇ ਜਾਨਣ ਦੀ ਮੇਰੀ ਉਤਸੁਕਤਾ ਵੇਖ ਪਹਿਲਾਂ ਉਹਨਾਂ ਨੇ ਮੇਰੀਆਂ ਅੱਖਾਂ ਵਿਚ ਝਾਕਿਆ ਜਿਓਂ ਮੇਰੀ ਮਨਸ਼ਾ ਦੀ ਸਚਾਈ ਦੀ ਪ੍ਰੋੜ੍ਹਤਾ ਚਾਹੁੰਦੇ ਹੋਣ। ਫਿਰ ਕੁਝ ਮਿੰਟ ਅੱਖਾਂ ਮੁੰਦ, ਖ਼ਾਮੋਸ਼ ਰਹਿ ਕੇ ਬੋਲੇ ਕਿ ਖੇਮਕਰਨੀ ਜੀ, ਜਦ ਵੀ ਮੈਨੂੰ ਦੇਹ ਦਾਨ ਕਰਨ ਬਾਰੇ ਅਖ਼ਬਾਰ ਜਾਂ ਹੋਰ ਕਿਸੇ ਮਿੱਤਰ ਤੋਂ ਜਾਣਕਾਰੀ ਮਿਲਦੀ, ਮੈਂ ਵੀ ਸੋਚਣ ਲਗਦਾ ਕਿ ਮੈਨੂੰ ਵੀ ਦੇਹ-ਦਾਨ ਕਰਨੀ ਚਾਹੀਦੀ ਹੈ। ਚਾਹੇ ਮੈਂ ਧਾਰਮਿਕ ਮਾਨਤਾਵਾਂ ਦੀ ਇੱਜ਼ਤ ਕਰਦਾ ਹਾਂ ਪਰ ਇਹ ਤਾਂ ਮੇਰਾ ਨਿਜੀ ਫੈਸਲਾ ਹੋਣਾ ਚਾਹੀਦਾ ਹੈ। ਹੌਲੀ-ਹੌਲੀ ਪਹਿਲਾਂ ਮੈਂ ਆਪਣੇ ਪਰਿਵਾਰਕ ਮੈਂਬਰਾਂ ਵਿਚ ਆਪਣੀ ਇੱਛਾ ਜ਼ਾਹਰ ਕੀਤੀ। ਫਿਰ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ, ਮਿੱਤਰਾਂ ਦੇ ਵਿਚਾਰ ਜਾਣਨੇ ਸ਼ੁਰੂ ਕੀਤੇ ਪਰ ਅਕਸਰ ਰਲਵਾਂ-ਮਿਲਵਾਂ ਹੁੰਗਾਰਾ ਹੀ ਮਿਲਦਾ। ਬਹੁਤਿਆਂ ਦਾ ਵਿਚਾਰ ਸੀ ਕਿ ਦੇਹ ਦਾਨ ਕਰਨੀ ਦੇਹ ਰੋਲਣ ਦੇ ਬਰਾਬਰ ਹੈ। ਮੈਡੀਕਲ ਦੇ ਸਟੂਡੈਂਟਸ ਦੇਹ ਦੀਆਂ ਤਾਂ

ਹੱਡੀਆਂ ਅਤੇ ਨਾੜਾਂ ਵੀ ਚੀਰ ਦਿੰਦੇ ਨੇ। ਫਿਰ ਸਮਾਜਿਕ ਅਤੇ ਧਾਰਮਿਕ ਮਰਿਯਾਦਾ ਦਾ ਵੀ ਉਲੰਘਣ ਹੋਵੇਗਾ। ਕਈਆਂ ਨੇ ਅਗਲੇ ਜਨਮ ਵਿਚ ਅੰਗ-ਹੀਣ ਹੋਣ ਦਾ ਡਰ ਵੀ ਜਤਾਇਆ।

ਕੁਝ ਛਿਣ ਚੁੱਪ ਰਹਿਣ ਤੋਂ ਬਾਅਦ ਉਹ ਬੋਲੇ ਕਿ ਖੇਮਕਰਨੀ ਜੀ, ਮੇਰਾ ਤਾਂ ਜੀਵਨ ਹੀ ਸਮਾਜ ਦੀਆਂ ਗ਼ਲਤ ਧਾਰਨਾਵਾਂ ਵਿਰੁੱਧ ਲੜਦਿਆਂ ਬੀਤਿਆ ਹੈ। ਰਿਸ਼ਤੇਦਾਰਾਂ ਨੇ ਵੀ ਔਖੇ ਵੇਲੇ ਕਿਹੜਾ ਮੇਰੀ ਬਾਂਹ ਫੜੀ ਸੀ। ਮੈਂ ਬੜੇ ਹੀ ਗਰੀਬ ਪਰਿਵਾਰ ਵਿਚ ਪੈਦਾ ਹੋਇਆ ਹਾਂ। ਬਚਪਨ 'ਚ ਪੜ੍ਹਾਈ ਵਿਚ ਮੇਰੀ ਕੋਈ ਰੁਚੀ ਨਹੀਂ ਸੀ ਤੇ ਅਕਸਰ ਮੈਂ ਫਾਡੀ ਹੀ ਰਹਿੰਦਾ। ਮਾਸਟਰ ਮੈਨੂੰ 'ਥਿੰਦਾ ਪੱਥਰ' ਕਹਿੰਦੇ। ਸਰਦੇ ਪੁਜਦੇ ਰਿਸ਼ਤੇਦਾਰਾਂ ਨੇ ਵੀ ਦੂਰੀ ਬਣਾਈ ਰੱਖੀ। ਹਾਂ, ਭੈਣ ਤੇ ਜੀਜੇ ਨੇ ਮੇਰੀ ਸਮੇਂ-ਸਮੇਂ ਸਹਾਇਤਾ ਕੀਤੀ ਤੇ ਮੈਂ ਦੱਸਵੀਂ ਪਾਸ ਕਰ ਗਿਆ। ਓਦੋਂ ਨੌਕਰੀ ਮਿਲਣੀ ਅੱਜ ਵਾਂਗ ਕਠਿਨ ਨਹੀਂ ਸੀ, ਯੋਗਤਾ ਅਨੁਸਾਰ ਕਿਸੇ ਨਾ ਕਿਸੇ ਮਹਿਕਮੇ ਵਿਚ ਨੌਕਰੀ ਮਿਲ ਹੀ ਜਾਂਦੀ ਸੀ। ਪਰ ਨੌਕਰੀ ਕਰਨ ਦੀ ਮੇਰੀ ਰੁਚੀ ਹੀ ਨਹੀਂ ਸੀ। ਮੈਂ ਪ੍ਰਭਾਕਰ ਕੀਤੀ ਤੇ ਫਿਰ ਪ੍ਰਾਈਵੇਟ ਬੀ.ਏ. ਤੇ ਫਿਰ ਐਮ.ਏ. ਇੰਗਲਿਸ਼ ਕਰ ਲਈ। ਐਮ.ਏ. ਇੰਗਲਿਸ਼ ਦਾ ਫਸਟ ਯੀਅਰ ਪਾਸ ਕਰਦਿਆਂ ਹੀ ਮੈਨੂੰ ਇਕ ਸਕੂਲ ਵਿਚ ਨੌਕਰੀ ਮਿਲ ਗਈ। ਫਿਰ ਕਾਲਜ ਵਿਚ ਪੜ੍ਹਾਉਣ ਦਾ ਮੌਕਾ ਵੀ ਮਿਲ ਗਿਆ। ਮੌਕੇ ਦੀ ਗੱਲ ਤੋਂ ਯਾਦ ਆਈ ਇੱਕ ਦਿਲਚਸਪ ਗੱਲ ਵੀ ਸੁਣੋ। ਜਦੋਂ ਮੈਂ ਐਮ.ਏ. ਇੰਗਲਿਸ਼ ਪਾਰਟ ਵੰਨ ਪਾਸ ਕਰ ਲਈ ਤਾਂ ਇੱਕ ਕੁੜੀ ਨੇ ਮੇਰੇ ਦੋਸਤ ਰਾਹੀ ਨੋਟਸ ਦੀ ਮੰਗ ਕੀਤੀ ਤੇ ਕੁਝ ਦਿਨਾਂ ਬਾਅਦ ਜਦ ਉਹ ਮੇਰੇ ਘਰ ਨੋਟਸ ਲੈਣ ਆਈ ਤਾਂ ਉਸ ਦਾ ਫਾਦਰ ਵੀ ਉਸ ਦੇ ਨਾਲ ਸੀ, ਜਿਸ ਨੂੰ ਮੈਂ ਪਹਿਚਾਣ ਲਿਆ। ਪ੍ਰਾਇਮਰੀ ਸਕੂਲ ਵਿਚ ਪੜ੍ਹਦਿਆਂ ਉਹ ਮੇਰਾ ਟੀਚਰ ਸੀ ਤੇ ਇਸੀ ਨੇ ਹੀ ਮੈਨੂੰ 'ਥਿੰਦਾ ਪੱਥਰ' ਨਾਂ ਨਾਲ ਨਵਾਜ਼ਿਆ ਸੀ। ਜਦ ਮੈਂ ਉਹਨਾਂ ਨੂੰ ਯਾਦ ਕਰਾਇਆ ਕਿ ਮੈਂ ਉਹੀ 'ਥਿੰਦਾ ਪੱਥਰ' ਵਾਲਾ ਓਮੀ ਹਾਂ ਤਾਂ ਮੁਸਕਰਾਂਦਿਆਂ ਕਹਿਣ ਲੱਗੇ ਕਿ ਐਨਾ ਕੁ ਗਿਆਨ ਤਾਂ ਤੈਨੂੰ ਹੋ ਹੀ ਗਿਆ ਹੋਵੇਗਾ ਕਿ ਥਿੰਦਾ ਕਦੇ ਪੱਥਰ ਵਿਚਲੀ ਮੂਰਤੀ ਤੀਕ ਪ੍ਰਵੇਸ਼ ਨਹੀਂ ਕਰਦਾ।



ਆਪਣੇ ਸ਼ੌਕ ਬਾਰੇ ਪੁੱਛਣ 'ਤੇ ਹੱਸ ਕੇ ਕਹਿਣ ਲੱਗੇ ਕਿ ਖੇਮਕਰਨੀ ਜੀ ਹੁਣ ਪਚਾਸੀਵਾਂ ਸਾਲ ਪਾਰ ਕਰ ਚੁੱਕਾ ਹਾਂ। ਸਰੀਰ ਨੂੰ ਤੰਦਰੁਸਤ ਰੱਖਣ ਲਈ ਮੈਂ

ਅਕਸਰ ਲੰਬੀ ਸੈਰ ਤੇ ਸਹਿੰਦੀ-ਸਹਿੰਦੀ ਕਸਰਤ ਕਰਦਾ ਰਹਿੰਦਾ ਹਾਂ। ਗੋਡਿਆਂ ਦੀਆਂ ਦਰਦਾਂ ਨੇ ਕੁਝ ਸਮਾਂ ਬੇਜ਼ਾਰ ਕੀਤਾ ਸੀ ਪਰ 2009 ਵਿਚ ਕਰਵਾਏ ਉਪਰੇਸ਼ਨ ਬਾਅਦ ਹੁਣ ਕੋਈ ਦਿੱਕਤ ਨਹੀਂ। ਕੁਝ ਸਮਾਂ ਅਖ਼ਬਾਰ/ਸਾਹਿਤ ਪੜ੍ਹਨ ਵਿਚ ਲੰਘ ਜਾਂਦਾ ਹੈ। ਵਿਜੇ ਸ਼ੰਕਰ ਮਹਿਤਾ ਵੱਲੋਂ ਲਿਖੇ 'ਜੀਵਨ ਕੀ ਰਾਹ' ਦੇ ਅਨੁਵਾਨ ਹੇਠ ਦੈਨਿਕ ਭਾਸਕਰ ਵਿਚ ਛੱਪਦੇ ਵਿਚਾਰ ਦੀਆਂ 500 ਤੋਂ ਜ਼ਿਆਦਾ ਕਟਿੰਗਜ਼ ਮੈਂ ਕਾਪੀ ਵਿਚ ਪੇਸਟ ਕਰ ਚੁੱਕਾ ਹਾਂ ਅਤੇ ਨਾਲ ਹੀ ਉਹਨਾਂ ਨੂੰ ਉਰਦੂ ਵਿਚ ਵੀ ਲਿਖਦਾ ਹਾਂ। ਇਸੇ ਤਰ੍ਹਾਂ ਰੋਜ਼ਾਨਾ ਅਜੀਤ ਅਖ਼ਬਾਰ ਵਿਚ ਹਰ ਐਤਵਾਰ ਨੂੰ ਛੱਪਦੇ ਨਰਿੰਦਰ ਸਿੰਘ ਨੰਗਲ ਦੇ ਵੱਡਮੁੱਲੇ ਵਿਚਾਰਾਂ ਦੀ ਕਟਿੰਗਜ਼ ਵੀ ਰੱਖਦਾ ਹਾਂ। ਇਸ ਤਰ੍ਹਾਂ ਕਰਨ ਨਾਲ ਮੇਰੇ ਮਨ ਨੂੰ ਸਕੂਨ ਮਿਲਦਾ ਹੈ। ਜਿਹੜੇ ਦੋਸਤ ਮਿੱਤਰ ਮੇਰੇ ਦਿਲ ਦੇ ਨੇੜੇ ਹਨ, ਉਹਨਾਂ ਦੇ ਜਨਮ ਦਿਨ 'ਤੇ ਉਹਨਾਂ ਨੂੰ ਵਧਾਈ ਜ਼ਰੂਰ ਦਿੰਦਾ ਹਾਂ। ਜਾਣਕਾਰ ਰਿਸ਼ਤੇਦਾਰੀਆਂ ਵਿਚ ਕਿਸੇ ਦੀ ਮੌਤ ਤੇ ਵੀ ਮੈਂ ਉਹਦੇ ਨਜ਼ਦੀਕੀ ਰਿਸ਼ਤੇਦਾਰ ਨੂੰ ਮਹੀਨਾ-ਡੇਢ ਮਹੀਨਾ ਫੋਨ ਕਰਕੇ ਦੁੱਖ ਵੰਡਾਉਂਦਾ ਰਹਿੰਦਾ ਹਾਂ।

ਆਪਣੀ ਰੋਜ਼ੀ/ਰੋਟੀ ਲਈ ਉਹਨਾਂ ਨੇ ਪ੍ਰਾਈਵੇਟ ਸਕੂਲ/ਕਾਲਜ ਵਿਚ ਵਿਦਿਆਰਥੀ ਪੜ੍ਹਾਉਣ ਦਾ ਕਿੱਤਾ ਅਪਣਾਇਆ, ਜਿਥੇ ਅਕਸਰ ਅਸੂਲਾਂ 'ਤੇ ਪਹਿਰਾ ਦਿੰਦਿਆਂ ਪ੍ਰਬੰਧਕ ਕਮੇਟੀਆਂ ਨਾਲ ਆਢਾ ਲਾਈ ਰੱਖਿਆ। ਉਹ ਸ਼੍ਰੀ ਗੁਰੂ ਤੇਗ ਬਹਾਦਰ ਕਾਲਜ ਦੇ ਲੱਗ-ਭਗ ਤਿੰਨ ਕੁ ਸਾਲ ਪ੍ਰਿੰਸੀਪਲ ਰਹੇ ਪਰ ਫਿਰ ਤਬੀਅਤ ਠੀਕ ਨਾ ਰਹਿਣ ਕਾਰਨ ਕਾਲਜ ਨੂੰ ਅਲਵਿਦਾ ਕਹਿ ਦਿੱਤੀ। ਆਪਣੀ ਪਤਨੀ ਵੱਲੋਂ ਘਰ ਵਿਚ ਚਲਾਏ ਜਾ ਰਹੇ ਨਵਕਿਰਨ ਪਬਲਿਕ ਸਕੂਲ ਨੂੰ ਸੁਚਾਰੂ ਢੰਗ ਨਾਲ ਚਲਾਉਂਦੇ ਰਹੇ, ਪਰ ਬੱਚਿਆਂ ਦੀ ਗਿਣਤੀ ਘੱਟਣ ਕਾਰਨ ਸਕੂਲ ਵੀ ਬੰਦ ਕਰਨਾ ਪਿਆ। ਬੇਟਾ ਅਤੇ ਨੂੰਹ ਵੀ ਬਸ ਸੰਘਰਸ਼-ਮਈ ਜੀਵਨ ਬਤੀਤ ਕਰ ਰਹੇ ਨੇ। ਉਹਨਾਂ ਕੋਲ ਵੀ ਕਿਸੇ ਬੱਝੀ ਆਮਦਨ ਵਾਲੇ ਕੰਮ ਨਹੀਂ ਹਨ। ਬਸ ਕਾਲਜ ਵੇਲੇ ਕੀਤੀ ਬੱਚਤ ਦੇ ਵਿਆਜ ਅਤੇ ਕੁਝ ਕਿਰਾਏ ਨਾਲ ਗੁਜ਼ਾਰਾ ਹੋ ਰਿਹੈ। ਆਮਦਨ ਦੇ ਸਾਧਨ ਸੀਮਤ ਹੋਣ ਤੇ ਵੀ ਮੇਰਾ ਪੋਤਰਾ ਅਤੇ ਪੋਤਰੀ ਉਚੇਰੀ ਪੜ੍ਹਾਈ ਕਰ ਰਹੇ ਹਨ ਪਰ ਹਾਲਾਤ ਮੁਤਾਬਕ ਉਨ੍ਹਾਂ ਨੂੰ ਵੀ ਚੰਗੀਆਂ ਨੌਕਰੀਆਂ ਮਿਲਣ ਦੀ ਸੰਭਾਵਨਾ ਮੱਧਮ ਹੀ ਜਾਪਦੀ ਹੈ।

ਦੇਹ ਦਾਨ ਵਾਲੀ ਗੱਲ ਵੱਲ ਪਰਤਦਿਆਂ ਕਹਿਣ ਲੱਗੇ ਕਿ ਦੇਹ-ਦਾਨ ਕਰਨ ਤੋਂ ਪਹਿਲਾਂ ਜੋ ਦੁਚਿੱਤੀ ਮੇਰੇ ਮਨ ਨੂੰ ਢਾਹ ਲਾਉਂਦੀ ਸੀ ਉਹ ਮੇਰੇ ਦੋਸਤਾਂ ਦੀ ਸੰਗਤ ਨੇ ਦੂਰ ਕਰ ਦਿੱਤੀ ਕਿਉਂਕਿ ਉਨ੍ਹਾਂ ਵਿਚੋਂ ਕਈਆਂ ਨੇ ਦੇਹ ਦਾਨ ਕਰਨ ਸੰਬੰਧੀ ਫਾਰਮ ਭਰ ਦਿੱਤੇ ਹਨ ਤੇ ਬਾਕੀ ਪਰਿਵਾਰਕ ਮੈਂਬਰਾਂ ਦੀ ਸਹਿਮਤੀ ਦੀ ਇੰਤਜ਼ਾਰ ਕਰ ਰਹੇ ਹਨ। ਹੁਣ ਤਾਂ ਕਈ ਸਮਾਜਿਕ ਸੰਸਥਾਵਾਂ ਅਤੇ ਦੇਹ-ਦਾਨ ਕਮੇਟੀਆਂ ਵੀ ਬਣ ਗਈਆਂ ਹਨ ਜਿਨ੍ਹਾਂ ਨੇ ਦੇਹ-ਦਾਨ ਦੇ ਫਾਰਮ ਭਰੇ ਹਨ ਅਤੇ ਲੋਕਾਂ ਨੂੰ ਪ੍ਰੇਰਤ ਵੀ ਕਰ ਰਹੇ ਹਨ। ਫਾਰਮ ਭਰਨ ਤੀਕ ਮੇਰੇ ਪਰਿਵਾਰਕ ਮੈਂਬਰਾਂ ਨੇ ਮੂਕ ਸਹਿਮਤੀ ਦੇ ਦਿੱਤੀ ਸੀ ਕਿਉਂਕਿ ਪਰਿਵਾਰ ਵੱਲੋਂ ਸਹਿਮਤੀ ਬਾਰੇ ਵੇਰਵਾ ਫਾਰਮ ਭਰਨ ਵੇਲੇ ਦੇਣਾ ਹੁੰਦਾ ਹੈ। ਹੁਣ ਮੈਨੂੰ ਪਰਿਵਾਰਕ ਮੈਂਬਰਾਂ 'ਤੇ ਯਕੀਨ ਹੈ ਕਿ ਮੇਰੇ ਆਖਰੀ ਸਾਹ ਲੈਣ ਉਪਰੰਤ ਉਹ ਲੋੜੀਂਦੀ ਕਾਰਵਾਈ ਕਰਨਗੇ।

-ਹਰਭਜਨ ਖੇਮਕਰਨੀ

❀

ਮਿਹਨਤਕਸ਼ ਪਰਿਵਾਰ ਤੋਂ ਮੈਡੀਕਲ ਕਾਲਜ ਤਕ : ਪ੍ਰੀਤ ਕਸ਼ਯਪ

ਡਾਕਟਰੀ ਦੇ ਪਹਿਲੇ ਸਾਲ ਦੀ ਵਿਦਿਆਰਥਣ, ਪੇਂਡੂ ਅਤੇ ਪਰਿਵਾਰਕ ਤੰਗੀਆਂ-ਤੁਰਸ਼ੀਆਂ ਦੇ ਮਾਹੌਲ ਵਿਚ ਪਲ ਕੇ ਵੀ ਆਪਣੇ ਨਾਲੋਂ ਵੱਧ ਸਮਾਜ ਦੇ ਭਲੇ ਦੀ ਖਾਹਸ਼ ਰਖਦੀ, ਮਾਤਾ ਦੀ ਸਖ਼ਤ ਮਿਹਨਤ ਅਤੇ ਪਿਤਾ ਦੇ ਸੰਘਰਸ਼ ਤੋਂ ਪ੍ਰਭਾਵਤ, ਅਗਾਂਹਵਧੂ ਸੋਚ ਨਾਲ ਲਬਰੇਜ, ਸਮਾਜਕ ਪਾੜਿਆਂ ਦੇ ਖਿਲਾਫ਼ ਭਰੀ ਪੀਤੀ ਸਮਾਜਕ ਬਰਾਬਰੀ ਦੇ ਸੁਪਨੇ ਲੈਂਦੀ ਕੁੜੀ ਹੈ; ਪ੍ਰੀਤ ਕਸ਼ਯਪ 'ਆਪਣੇ-ਆਪ ਕੋ ਕਮਜੋਰ ਸਮਝਣਾ ਸਭ ਸੇ ਬੜਾ ਪਾਪ ਹੈ' ਵਰਗੇ ਸਵਾਮੀ ਵਿਵੇਕਾਨੰਦ ਜੀ ਦੇ ਵਿਚਾਰਾਂ ਤੋਂ ਪ੍ਰਭਾਵਤ ਪ੍ਰੀਤ ਨਾਲ ਕਰਦੇ ਹਾਂ ਕੁਝ ਗੱਲਾਂ:

1. ਪੇਂਡੂ ਮਿਹਨਤਕਸ਼ ਪਰਿਵਾਰ ਦੀ ਬੱਚੀ ਪ੍ਰਾਇਮਰੀ ਤੋਂ ਹੀ ਪ੍ਰਾਈਵੇਟ ਸਕੂਲ ਵਿਚ ਕਿਵੇਂ?

– ਪਾਪਾ ਦੇ ਦੱਸੇ ਅਨੁਸਾਰ ਉਨ੍ਹਾਂ ਨੂੰ ਗਰੀਬ ਕਹਾਉਣਾ ਚੰਗਾ ਨਹੀਂ ਸੀ ਲਗਦਾ। ਉਨ੍ਹਾਂ ਦੀ ਏਸੇ ਖਿੱਝ ਦਾ ਸਿੱਟਾ ਹੈ ਮੇਰੀ ਪ੍ਰਾਈਵੇਟ ਸਕੂਲ ਦੀ ਪੜ੍ਹਾਈ।

2. ਸਕੂਲੀ ਪੜ੍ਹਾਈ ਦੇ ਦਿਨਾਂ ਦੇ ਕੌੜੇ ਮਿੱਠੇ ਤਜ਼ਰਬੇ ਕੀ ਰਹੇ?

– ਪੜ੍ਹਨ ਵਿਚ ਕੁਦਰਤੀ ਹੁਸ਼ਿਆਰ ਹੋਣ ਕਰਕੇ ਪ੍ਰਾਇਮਰੀ ਤੋਂ ਲੈਕੇ ਮੈਟ੍ਰਿਕ ਤਕ ਕਲਾਸ ਦੀ ਮਨੀਟਰ ਰਹੀ। ਅਧਿਆਪਕ ਅਧਿਆਪਕਾਵਾਂ ਪਿਆਰ ਅਤੇ ਸਤਿਕਾਰ ਦੇ ਨਾਲ-ਨਾਲ ਪ੍ਰਸ਼ੰਸਾ ਕਰਦੇ ਰਹੇ, ਜਿਸ ਨਾਲ ਮੈਨੂੰ ਬਹੁਤ ਉਤਸਾਹ ਮਿਲਦਾ ਰਿਹਾ। ਬਤੌਰ ਮਨੀਟਰ ਮੈਂ ਕਲਾਸ ਨੂੰ ਚੰਗਾ ਪੜ੍ਹਾ ਵੀ ਲੈਂਦੀ ਰਹੀ ਹਾਂ ਅਤੇ ਅਧਿਆਪਕ ਵੀ ਮੇਰੇ ਵਿਚ ਇਕ ਅਧਿਆਪਕ ਦੇਖਦੇ ਰਹੇ ਹਨ ਅਤੇ ਮੈਨੂੰ ਵੀ ਅਧਿਆਪਕ ਬਣਨਾ ਚੰਗਾ ਲਗਦਾ ਸੀ ਅਤੇ ਮੈਂ ਬਣਨਾ ਵੀ ਚਾਹੁੰਦੀ ਸੀ।

3. ਸਕੂਲ ਦੀ ਪੜ੍ਹਾਈ ਦੌਰਾਨ ਕਿਸੇ ਅਧਿਆਪਕ ਦੇ ਸ਼ਬਦ ਪ੍ਰੇਰਣਾ ਸਰੋਤ ਰਹੇ ਹੋਣ?

– ਹਾਂ, ਸਕੂਲ ਦੇ ਡਾਇਰੈਕਟਰ ਜੋ ਰੋਜ਼ਾਨਾ ਮਾਰਨਿੰਗ ਅਸੈਂਬਲੀ ਨੂੰ ਐਡਰੈੱਸ ਕਰਦੇ ਸਨ, ਉਹ ਸਵਾਮੀ ਵਿਵੇਕਾਨੰਦ ਜੀ ਦੀਆਂ ਟੀਚਿੰਗਜ ਜਿਵੇਂ, 'ਉੱਠੋ, ਜਾਗੋ, ਤਬ ਤਕ ਨਾ ਰੁਕੋ ਜਬ ਤਕ ਲਕਸ਼ ਪ੍ਰਾਪਤ ਨਾ ਹੋ ਜਾਏ', 'ਆਪਣੇ ਆਪ ਕੋ ਕਮਜ਼ੋਰ ਸਮਝਣਾ ਸਭ ਸੇ ਬੜਾ ਪਾਪ ਹੈ' ਆਦਿ ਵਰਗੇ ਵਿਚਾਰਾਂ ਤੋਂ ਮੈਂ ਬਹੁਤ ਪ੍ਰਭਾਵਤ ਹੋਈ, ਜਿਸ ਕਰਕੇ ਮੈਨੂੰ ਡਾਇਰੈਕਟਰ ਸਾਹਿਬ ਬਹੁਤ ਚੰਗੇ ਲਗਦੇ ਰਹੇ।

ਪਰ ਇਕ ਸਟੇਜ ਤੇ ਉਨ੍ਹਾਂ ਮੈਨੂੰ ਸਾਰੇ ਵਿਦਿਆਰਥੀਆਂ ਸਾਹਮਣੇ ਬਿਨਾਂ ਕਾਰਨ ਲੋੜੋਂ ਵੱਧ ਹੀ ਜਲ਼ੀਲ ਕੀਤਾ, 'ਤੂੰ ਕੁਝ ਨਹੀਂ ਕਰ ਸਕਦੀ, ਤੂੰ ਨਲਾਇਕ ਹੈਂ' ਆਦਿ ਸ਼ਬਦ ਆਖੇ, ਜਿਨ੍ਹਾਂ ਤੋਂ ਮੈਂ ਏਨੀ ਦੁਖੀ ਹੋਈ ਕਿ ਮੈਂ

ਖ਼ੁਦਕੁਸ਼ੀ ਕਰਨ ਤਕ ਵੀ ਸੋਚਣ ਤੇ ਮਜਬੂਰ ਹੋਈ। ਜਿਵੇਂ ਕਿਵੇਂ ਮੈਂ ਆਪਣੇ ਆਪ ਨੂੰ ਸੰਭਾਲਿਆ। ਪਰ ਉਸ ਦਿਨ ਤੋਂ ਬਾਅਦ ਮੇਰਾ ਓਨਾ ਪ੍ਰਤੀ

4. **ਸਕੂਲ ਵਿਚ ਪੜ੍ਹਦਿਆਂ ਕਿੱਥੋਂ ਕੁ ਤਕ ਪੜ੍ਹ ਪਾਉਣ ਦੀ ਉਮੀਦ ਕਰਦੀ ਸੀ?**

– ਜੋ ਕੁੜੀਆਂ ਗੱਲਾਂ ਕਰਦੀਆਂ ਸੀ ਕਿ ਦਸਵੀਂ ਬਾਰ੍ਹਵੀਂ ਤਕ ਹੀ ਮਾਪੇ ਪੜ੍ਹਾਉਂਦੇ ਹਨ ਤਾਂਕਿ ਲੜਕੀ ਦੇ ਰਿਸ਼ਤੇ ਵਿਚ ਸੌਖ ਰਹੇ, ਮੈਂ ਵੀ ਸਮਝਦੀ ਸੀ ਕਿ ਸ਼ਾਇਦ ਮੇਰੇ ਨਾਲ ਵੀ ਇੰਜ ਹੀ ਵਾਪਰੇ। ਪਰ ਮੇਰੀਆਂ ਪੜ੍ਹਨ ਵਿਚ ਹੁਸ਼ਿਆਰ ਹੋਣ ਦੀਆਂ ਰਿਪੋਰਟਾਂ ਜੋ ਮੇਰੇ ਮਾਂ-ਬਾਪ ਨੂੰ ਪ੍ਰਾਪਤ ਹੁੰਦੀਆਂ ਰਹੀਆਂ, ਸ਼ਾਇਦ ਉਨ੍ਹਾਂ ਰਿਪੋਰਟਾਂ ਤੋਂ ਉਨ੍ਹਾਂ ਨੂੰ ਪਤਾ ਲੱਗ ਗਿਆ ਸੀ ਕਿ ਸਾਡੀ ਬੱਚੀ ਇਕ ਹੀਰਾ ਹੈ ਅਤੇ ਉਨ੍ਹਾਂ ਨੇ ਹੀਰੇ ਨੂੰ ਤਰਾਸ਼ਣ ਦਾ ਮਨ ਬਣਾ ਲਿਆ ਸੀ।

5. **ਐਮ.ਬੀ.ਬੀ.ਐਸ. ਵੱਲ ਤੋਰਨ ਵਾਲਾ ਕੌਣ ਸੀ?**

– ਮੈਂ ਨੌਵੀਂ ਦਸਵੀਂ ਵਿਚ ਪੜ੍ਹਦੀ ਸੀ ਤਾਂ ਪਾਪਾ ਨੇ ਮੈਨੂੰ ਬੀ.ਐਸ.ਸੀ. ਨਰਸਿੰਗ ਕਰਨ ਬਾਰੇ ਸਲਾਹ ਦਿੱਤੀ, ਜਿਸ ਦਾ ਸਿੱਟਾ ਸੀ ਕਿ ਮੇਰਾ ਝੁਕਾਅ ਅਤੇ ਲਗਾਅ ਸਾਇੰਸ ਨਾਲ ਹੋ ਗਿਆ ਅਤੇ ਮੈਂ ਸਾਇੰਸ ਪੜ੍ਹਨ ਦੇ ਨਾਲ-ਨਾਲ ਡੀ.ਡੀ.ਨੈਸ਼ਨਲ ਚੈਨਲ ਦਾ ਵਿਗਿਆਨਕ ਪ੍ਰੋਗਰਾਮ 'ਕੁਝ ਤੁੱਕੇ, ਕੁੱਝ ਤੀਰ' ਸ਼ੌਕ ਨਾਲ ਦੇਖਣ ਲੱਗ ਪਈ ਜਿਸ ਦਾ ਮੇਰੇ ਉੱਤੇ ਚੰਗਾ ਪ੍ਰਭਾਵ ਪਿਆ।

ਮੰਮੀ ਪਾਪਾ ਭਾਵੇਂ ਕੋਈ ਬਹੁਤੇ ਪੜ੍ਹੇ ਲਿਖੇ ਨਹੀਂ ਸਨ ਪਰ ਸਾਹਿਤ ਵਿਚ ਰੁਚੀ ਹੋਣ ਕਰ ਕੇ ਪਾਪਾ ਦਾ ਕਵਿਤਾ ਲਿਖਣ ਦਾ ਸ਼ੌਕ ਹੈ, ਜਿਸ ਕਰਕੇ ਉਹ 'ਸਾਹਿਤ ਸੰਗਮ' ਦੀਨਾਨਗਰ ਦੇ ਵਿੱਤ ਸਕੱਤਰ ਵੀ ਹਨ। ਘਰ ਵਿਚ ਸਾਹਿਤਕ ਇਕੱਤਰਤਾਵਾਂ ਹੁੰਦੀਆਂ ਰਹਿੰਦੀਆਂ ਹਨ। ਪਾਪਾ ਦੀ ਅਤੇ ਪਰਿਵਾਰ ਦੀ ਸਾਹਿਤਕ ਲੋਕਾਂ ਨਾਲ ਸੰਗਤ ਦਾ ਪਰਿਵਾਰ 'ਤੇ ਚੰਗਾ ਪ੍ਰਭਾਵ ਪਿਆ ਅਤੇ ਸਾਹਿਤ ਸੰਗਮ ਦੇ ਮੈਂਬਰਾਂ ਦੀ ਨੇਕ ਸਲਾਹ ਸਦਕਾ ਹੀ ਪਾਪਾ ਨੇ ਮੈਨੂੰ ਐਮ.ਬੀ.ਬੀ.ਐਸ. ਕਰਵਾਉਣ ਦਾ ਮਨ ਬਣਾ ਲਿਆ ਅਤੇ ਇਹ ਵੀ ਆਖ ਦਿੱਤਾ ਕਿ ਹੁਣ ਮੈਂ ਤੈਨੂੰ ਐਮ.ਬੀ.ਬੀ.ਐਸ. ਕਰਵਾ ਕੇ ਹਟਾਂਗਾ, ਮੈਨੂੰ ਭਾਵੇਂ ਆਪਣਾ ਮਕਾਨ ਹੀ ਕਿਉਂ ਨਾ ਵੇਚਣਾ ਪਵੇ। ਸੋ ਮੇਰੇ ਪਾਪਾ ਦਾ ਦ੍ਰਿੜ ਸੰਕਲਪ ਹੀ ਸੀ ਕਿ ਅੱਜ ਮੈਂ ਐਮ.ਬੀ.ਬੀ.ਐਸ. ਦੀ ਵਿਦਿਆਰਥਣ ਹਾਂ।

6. **ਨੈਸ਼ਨਲ ਪੱਧਰ ਦਾ ਟੈਸਟ ਨੀਟ ਪਾਸ ਕਰਨ ਵਿਚ ਕਿੰਨੀ ਕੁ ਮਿਹਨਤ ਕਰਨੀ ਪਈ?**

– ਚੰਡੀਗੜ੍ਹ ਦੇ ਕੋਚਿੰਗ ਸੈਂਟਰ ਹੈਲਿਕਸ ਵਿਚ ਪਹੁੰਚ ਕੇ ਕੰਪੀਟੀਸ਼ਨ ਦਾ ਅਹਿਸਾਸ ਹੋਇਆ ਅਤੇ ਵਿਜ਼ਨ ਵੀ ਵਧਿਆ, ਚੰਗਾ ਲੱਗਾ। ਪਹਿਲੀ ਅਟੈਂਪਟ ਬਿਨਾ ਤਿਆਰੀ ਸੀ, ਦੂਸਰੀ ਅਟੈਂਪਟ 'ਚ ਸੈਮੀ ਪੇਡ ਸੀਟ ਮਿਲਦੀ ਸੀ ਜੋ ਆਪਣੀ ਪਹੁੰਚ ਤੋਂ ਬਾਹਰ ਸੀ, ਸੋ ਤੀਸਰੀ ਅਟੈਂਪਟ ਕਰਨੀ ਪਈ, ਜਿਸ ਨੇ ਸਾਰੇ ਰਾਹ ਖੋਲ੍ਹ ਦਿੱਤੇ। ਅਤੇ ਹੁਣ ਮੈਂ ਐਮ.ਬੀ.ਬੀ.ਐਸ. ਦੀ ਵਿਦਿਆਰਥਣ ਹਾਂ।

ਏਥੇ ਮੈਨੂੰ ਇਹ ਦੱਸਣ ਵਿਚ ਵੀ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਮੈਨੂੰ ਦਸਵੀਂ ਵਿਚੋਂ 94% ਨੰਬਰ ਆਉਣ ਤੇ ਅਤੇ ਹੁਣ ਐਮ.ਬੀ.ਬੀ.ਐਸ. ਵਿਚ ਦਾਖਲਾ ਮਿਲਨ ਤੇ ਵੀ ਸਾਹਿਤ ਸੰਗਮ ਦੀਨਾਨਗਰ ਵੱਲੋਂ ਸਨਮਾਨਿਤ ਕੀਤਾ ਗਿਆ। ਮੈਂ ਇਸ ਮੁਕਾਮ ਤੇ ਪੁੱਜਣ ਹਿੱਤ ਸਾਹਿਤ ਸੰਗਮ ਦੀਨਾਨਗਰ ਵੱਲੋਂ ਮਿਲੀ ਹੱਲਾ-ਸ਼ੇਰੀ ਅਤੇ ਮਾਰਗ-ਦਰਸ਼ਨ ਹਿੱਤ ਤਹਿ-ਦਿਲੋਂ ਧੰਨਵਾਦੀ ਹਾਂ।

7. **ਪਾਪਾ ਸਾਹਿਤਕ ਰੁਚੀ ਰਖਦੇ ਹਨ, ਬਹੁਤ ਚੰਗਾ। ਕੀ ਆਪਣੀ ਵੀ ਸਾਹਿਤ ਵਿਚ ਕੋਈ ਰੁਚੀ ਹੈ?**

– ਅਕੈਡਮਿਕ ਅਤੇ ਕੰਪੀਟੀਟਿਵ ਸਟੱਡੀ ਵਿਚ ਹੀ ਏਨੀ ਮਿਹਨਤ ਕਰਨੀ ਪਈ ਕਿ ਸਾਹਿਤ ਪੜ੍ਹਨ ਦਾ ਸਮਾਂ ਹੀ ਨਹੀਂ ਮਿਲਿਆ। ਦੂਸਰਾ ਪੇਂਡੂ ਜੀਵਨ ਅਤੇ ਘਰ ਵਿਚ ਹੋਰ ਕਿਸੇ ਦਾ ਬਹੁਤਾ ਪੜ੍ਹਿਆ ਲਿਖਿਆ ਨਾ ਹੋਣ ਕਰ ਕੇ ਪੁਸਤਕਾਂ ਵੀ ਉਪਲਬਧ ਨਹੀਂ ਸਨ। ਇਸ ਕਰਕੇ ਉਚੇਚੀ ਰੁਚੀ ਤੇ ਨਹੀਂ ਬਣ ਸਕੀ ਪਰ ਹੁਣ ਮਹਿਸੂਸ ਕਰਦੀ ਹਾਂ ਕਿ ਮੈਂ ਕਾਲਜ ਵਿਚ ਲਾਇਬਰੇਰੀ ਜਾ ਕੇ ਕੁਝ ਸਾਹਿਤਕ ਪੁਸਤਕਾਂ ਵੀ ਪੜ੍ਹਾਂ।

8. **ਕੋਈ ਰੋਲ ਮੱਾਡਲ ਹੈ ਜਾਂ ਨਹੀਂ। ਕਹਿਣ ਤੋਂ ਭਾਵ ਕਿਸ-ਕਿਸ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋਏ ਹੋ?**

– ਮੈਂ ਜਿਵੇਂ ਦੱਸਿਆ ਕਿ ਸਕੂਲ ਵਿਚ ਸਾਡੇ ਸਕੂਲ ਦੇ ਪ੍ਰਿੰਸੀਪਲ। ਮੈਨੂੰ ਲਗਦਾ ਕਿ ਅਧਿਆਪਕ ਜੋ ਵੀ ਸ਼ਬਦ ਬੋਲਦਾ ਹੈ, ਉਹ ਸੱਚਾ-ਸੁੱਚਾ ਹੁੰਦਾ ਹੈ। ਮੈਨੂੰ ਇਕੋਦਮ ਉਸ 'ਤੇ ਯਕੀਨ ਹੋ ਜਾਂਦਾ ਹੈ ਤੇ ਮੈਂ ਉਸ ਤੋਂ ਬਹੁਤ ਪ੍ਰਭਾਵਿਤ ਹੁੰਦੀ ਤੇ ਉਸ ਤਰ੍ਹਾਂ ਕਰਨ ਦੀ ਕੋਸ਼ਿਸ਼ ਕਰਦੀ। ਫਿਰ ਮੈਂ ਕਿਤਾਬਾਂ ਪੜ੍ਹਦੇ-ਪੜ੍ਹਦੇ, ਸਵਾਮੀ ਵਿਵੇਕਾਨੰਦ ਦੇ ਵਿਚਾਰਾਂ ਤੋਂ ਬਹੁਤ ਜਿਆਦਾ ਪ੍ਰਭਾਵਿਤ ਹੋਈ। ਉਨ੍ਹਾਂ ਨੂੰ ਅਪਨਾਉਣ ਦੀ ਕੋਸ਼ਿਸ਼ ਕੀਤੀ। ਫਿਰ ਮੈਂ ਜਦੋਂ ਮੈਡੀਕਲ ਕਾਲਜ ਵਿਚ ਦਾਖਲ ਹੋਈ ਤਾਂ ਇਸ ਸਾਲ ਕੁਝ ਦਿਨ ਫਾਉਂਡੇਸ਼ਨ ਕਲਾਸਾਂ ਹੋਈਆਂ ਜੋ ਸਾਰੇ ਹੀ ਵਿਭਾਗ ਦੇ ਡਾਕਟਰਾਂ ਅਤੇ ਪ੍ਰਿੰਸੀਪਲ ਮੈਡਮ ਨੇ ਲਈਆਂ।

9. **ਉਥੇ ਕੀ ਅਕਸਰ ਪ੍ਰਭਾਵਿਤ ਕੀਤਾ?**

– ਵੈਸੇ ਤਾਂ ਸਾਰੇ ਹੀ ਅਧਿਆਪਕ ਵਧੀਆ-ਵਧੀਆ ਗੱਲਾਂ ਕਰ ਰਹੇ ਸੀ। ਮੈਡੀਕਲ ਕਾਲਜ ਜਾਣਾ ਹੀ ਆਪਣੇ ਆਪ ਵਿਚ ਇਕ ਵੱਡੀ ਗੱਲ ਲਗ ਰਹੀ ਸੀ ਤੇ ਵਧੀਆ ਵੀ। ਪਰ ਮੈਨੂੰ ਸਭ ਤੋਂ ਚੰਗੀ ਗੱਲ, ਇਨ੍ਹਾਂ ਵਿਚੋਂ ਐਸ.ਪੀ.ਐਮ. ਵਿਭਾਗ ਦੇ ਡਾ. ਜਸਮੀਤ ਦੀ ਲੱਗੀ, ਜਦੋਂ ਉਨ੍ਹਾਂ ਨੇ ਆਪਣੇ ਲੈਕਚਰ ਵਿਚ ਕਿਹਾ ਕਿ ਸਾਡੇ ਦੇਸ਼ ਨੂੰ ਵੱਡੀਆਂ-ਵੱਡੀਆਂ ਮਸ਼ੀਨਾਂ ਦੀ ਲੋੜ ਨਹੀਂ। ਸਗੋਂ ਪੰਜ ਦਸ ਰੁਪਏ ਦੇ ਓ.ਆਰ.ਐਸ. ਪਾਉਡਰ ਦੇ ਪੈਕਟਾਂ ਦੀ ਜ਼ਰੂਰਤ ਹੈ ਜੋ ਕਿ ਸਾਡੇ ਗ਼ਰੀਬ ਲੋਕਾਂ ਨੂੰ ਚਾਹੀਦੇ ਹਨ, ਜੋ ਕਿ ਦਸਤਾਂ-ਟੱਟੀਆਂ ਨਾਲ ਮਰ ਜਾਂਦੇ ਹਨ।

10. **ਇਸ ਗੱਲ ਨੇ ਕਿਵੇਂ ਤੈਨੂੰ ਟੁੰਬਿਆ?**

– ਦਰਅਸਲ ਮੈਨੂੰ ਆਪਣੇ ਪਰਿਵਾਰ ਦੀ ਘਟਨਾ ਚੇਤੇ ਆ ਗਈ। ਜਿਸ ਤਰ੍ਹਾਂ ਸਾਡੀ ਆਰਥਿਕ ਹਾਲਤ ਹੈ। ਮੇਰੇ ਦਾਦੀ ਜੀ ਦੀ ਮੌਤ ਦਾ ਕਾਰਨ ਵੀ ਟੱਟੀਆਂ ਹੀ ਸੀ ਤੇ ਪਿਤਾ ਜੀ ਦਾ ਪਰਿਵਾਰ ਬਹੁਤ ਗ਼ਰੀਬ ਸੀ। ਇੰਨੇ ਪੈਸੇ ਵੀ ਕੋਲ ਨਹੀਂ ਸੀ।

11. **ਤੂੰ ਇਸ ਸਾਰੀ ਗੱਲ ਵਿਚ ਆਪਣੇ ਮਾਤਾ-ਪਿਤਾ ਦਾ ਜ਼ਿਕਰ ਨਹੀਂ ਕੀਤਾ?**

– ਨਹੀਂ, ਇਹ ਗੱਲ ਨਹੀਂ। ਉਹ ਬਹੁਤ ਮਿਹਨਤੀ ਹਨ। (ਕੁਝ ਦੇਰ ਚੁੱਪ...)

ਉਹ ਵੀ ਤਾਂ ਰੋਲ ਮੱਾਡਲ ਹੋ ਸਕਦੇ ਹਨ? ਇਸ ਤਰ੍ਹਾਂ ਦੀ ਤੰਗੀ ਵਿਚ ਹੁੰਦਿਆਂ ਤੈਨੂੰ ਡਾਕਟਰੀ ਵਿਚ ਦਾਖਲਾ ਦਿਵਾਇਆ?

– ਮੈਨੂੰ ਸਮਝ ਨਹੀਂ ਕਿ ਅਸਲ ਵਿਚ ਰੋਲ ਮੱਾਡਲ ਹੁੰਦਾ ਕੀ ਹੈ? ਉਹ ਮਿਹਨਤੀ ਹੈ ਤੇ

ਸ਼ਾਇਦ ਵਿਵੇਕਾਨੰਦ ਵਰਗੀ ਸ਼ਖ਼ਸੀਅਤ ਅਤੇ ਵਿਚਾਰ ਜਾਂ ਅਜਿਹਾ ਕੁਝ ਹੋਰ ਰੋਲ ਮਾੱਡਲ ਹੁੰਦਾ ਹੈ। ਬਾਕੀ ਮੈਨੂੰ ਪੂਰੀ ਤਰ੍ਹਾਂ ਕਲੈਰਿਟੀ ਨਹੀਂ ਹੈ, ਰੋਲ ਮਾੱਡਲ ਬਾਰੇ।

12. ਹੁਣ ਜਦੋਂ ਡਾਕਟਰ ਬਣਨਾ ਤਹਿ ਹੈ ਤਾਂ ਦਿਮਾਗ ਵਿਚ ਕਿਸ ਪ੍ਰਕਾਰ ਦੀਆਂ ਸੋਚਾਂ ਆਉਂਦੀਆਂ ਹਨ?

– ਫਿਲਹਾਲ ਮੈਂ ਆਪਣੇ ਪੈਰਾਂ 'ਤੇ ਖੜ੍ਹਾ ਹੋਣਾ ਚਾਹੁੰਦੀ ਹਾਂ, ਬਾਕੀ ਗੱਲਾਂ ਸਮੇਂ ਨਾਲ ਚਲਦੀਆਂ ਰਹਿਣਗੀਆਂ। ਮੈਂ ਰੈਲੀਆਂ ਮੁਜਾਹਰਿਆਂ ਵਿਚ ਘੱਟ ਵਿਸ਼ਵਾਸ ਰੱਖਦੀ ਹਾਂ। ਮੈਂ ਆਪਣੇ ਜਿੰਮੇ ਲੱਗੇ ਕੰਮ ਨੂੰ ਤਨਦੇਹੀ ਨਾਲ ਕਰਨ ਵਿਚ ਹੀ ਸਮਾਜ ਦੀ ਬਿਹਤਰੀ ਦੇਖਦੀ ਹਾਂ। ਮੇਰੀ ਪਹਿਲ ਇਕ ਖੁਸ਼ਹਾਲ ਸਮਾਜ ਦੇਖਣ ਦੀ ਹੈ।

13. ਘਰ ਤਕ ਵੇਚਣ ਲਈ ਤਿਆਰ ਬੈਠੇ ਬਾਪ ਅਤੇ ਚੌਵੀ ਘੰਟੇ ਸਿਲਾਈ ਮਸ਼ੀਨ ਦਾ ਵਹੀਲ ਘੁਮਾਉਂਦੀ ਮਾਂ ਦੀ ਕੁਰਬਾਨੀ ਚੇਤੇ ਰਹੇਗੀ ਜਾਂ...?

– ਮੈਂ ਆਪਣੇ ਮਾਤਾ-ਪਿਤਾ ਦੀ ਕੁਰਬਾਨੀ ਕਦੇ ਨਹੀਂ ਭੁੱਲ ਸਕਦੀ ਕਿਉਂਕਿ ਮੈਂ ਆਪਣੇ ਮਾਂ-ਬਾਪ ਨੂੰ ਅਥਾਹ ਮਿਹਨਤ ਕਰਦਿਆਂ ਅੱਖੀਂ ਦੇਖਿਆ ਹੈ ਅਤੇ ਦਾਦਾ ਜੀ ਦੀ ਸੇਵਾ ਵਿਚ ਪੂਰੀ-ਪੂਰੀ ਰਾਤ ਜਾਗਦਿਆਂ ਦੇਖਿਆ ਹੈ। ਇਹ ਗੱਲਾਂ ਤਾ-ਉਮਰ ਕਦੇ ਵੀ ਨਹੀਂ ਭੁਲਾਈਆਂ ਜਾ ਸਕਦੀਆਂ। ਮੈਨੂੰ ਮੇਰੇ ਮਾਂ-ਬਾਪ ਨੇ ਚੰਗੇ ਸੰਸਕਾਰ ਦਿੱਤੇ ਹਨ।

14. ਹੋਰ ਕੋਈ ਵਿਸ਼ੇਸ਼?

– ਮੈਂ ਸਮਾਜ ਵਿਚ ਪ੍ਰਚੱਲਤ ਕੁੜੀਆਂ ਦੀ ਸਿੱਖਿਆ ਨੂੰ ਸਿਰਫ਼ ਤੇ ਸਿਰਫ਼ ਵਿਆਹ ਨਾਲ ਜੋੜ ਕੇ ਦੇਖਣ ਨੂੰ ਜਰਾ ਵੀ ਚੰਗਾ ਨਹੀਂ ਸਮਝਦੀ। ਮੈਂ ਸਮਾਜ ਦੀ ਇਸ ਸੋਚ ਦਾ ਖੰਡਣ ਕਰਦੀ ਹਾਂ ਅਤੇ ਵਿੱਦਿਆ ਨੂੰ ਵਿਆਹ ਦੀ ਥਾਂ ਕਰੀਅਰ ਨਾਲ ਜੋੜ ਕੇ ਦੇਖਦੀ ਹਾਂ ਅਤੇ ਦੇਖਣ ਦੀ ਸਲਾਹ ਵੀ ਦਿੰਦੀ ਹਾਂ। ਮੈਂ ਵਿੱਦਿਆ ਵਿਚ ਨੈਤਿਕ ਕਦਰਾਂ ਕੀਮਤਾਂ ਨੂੰ ਉਜਾਗਰ ਕਰਨ ਵਾਲਾ ਸਲੇਬਸ ਸ਼ਾਮਲ ਕੀਤੇ ਜਾਣ ਦੇ ਹੱਕ ਵਿਚ ਹਾਂ ਜਿਸ ਨੂੰ ਪ੍ਰਾਪਤ ਕਰਕੇ ਇਨਸਾਨ ਇਨਸਾਨ ਦੀ ਕਦਰ ਕਰਨਾ ਸਿੱਖੇ। ਇਸ ਤੋਂ ਇਲਾਵਾ ਮੈਂ ਸਭ ਨੂੰ ਬਰਾਬਰ ਦੀ ਸਿੱਖਿਆ ਪ੍ਰਾਪਤੀ ਦਾ ਹੱਕ ਮਿਲਨ ਦੇ ਪੱਖ ਵਿਚ ਅਤੇ ਸਮਾਜ ਵਿਚ ਹੁੰਦੇ ਹਰ ਤਰ੍ਹਾਂ ਦੇ ਵਿਤਕਰੇ ਮੈਨੂੰ ਕਤਈ ਚੰਗੇ ਨਹੀਂ ਲਗਦੇ। ਮੈਨੂੰ ਅਜਿਹੇ ਵਿਤਕਰਿਆਂ ਤੋਂ ਅਤਿਅੰਤ ਖਿੱਝ ਆਉਂਦੀ ਹੈ।

ਮੈਂ ਨਿਰਾ ਡਾਕਟਰ ਹੀ ਨਹੀਂ ਬਣਨਾ ਚਾਹੁੰਦੀ ਸਗੋਂ ਇਕ ਚੰਗਾ ਇਨਸਾਨ ਵੀ ਬਣਨਾ ਚਾਹੁੰਦੀ ਹਾਂ।

–ਮੰਗਤ ਚੰਚਲ / ਪ੍ਰਤਿਭਾ ਰੇਹਨ

❀

ਕਵਿਤਾਵਾਂ

ਕਵਿਤਾ / ਪਾਬਲੋ ਨੈਰੂਦਾ

ਜੇਕਰ ਨਦੀ ਦਾ ਪਾਣੀ ਮਿੱਠਾ ਹੈ
ਤਾਂ ਸਮੁੰਦਰ ਨਮਕੀਨ ਕਿਉਂ ਹੈ?

ਕਿਵੇਂ ਜਾਣਦੇ ਨੇ ਮੌਸਮ
ਕਿ ਉਹਨਾਂ ਨੇ ਬਦਲਣੀ ਹੈ ਕਮੀਜ?

ਕਿਉਂ ਹੌਲੀ-ਹੌਲੀ ਉੱਤਰ ਆਉਂਦੀ ਹੈ ਸਰਦ ਰੁੱਤ
ਤੇ ਉਸ ਤੋਂ ਬਾਅਦ ਐਨੀ ਕੰਬਣੀ?

ਅਤੇ ਕਿਵੇਂ ਜਾਣਦੀਆਂ ਹਨ ਜੜ੍ਹਾਂ
ਕਿ ਉਹਨਾਂ ਨੇ ਪਹੁੰਚਣਾ ਹੈ ਪ੍ਰਕਾਸ਼ ਤੱਕ?

ਅਤੇ ਬਾਅਦ ਵਿਚ ਸਵਾਗਤ ਕਰਦੀ ਹੈ ਹਵਾ ਦਾ
ਐਨੀ ਫੁੱਲਾਂ ਅਤੇ ਰੰਗਾਂ ਨਾਲ?

ਕੀ ਇਕ ਹੀ ਬਸੰਤ ਹਮੇਸ਼ਾਂ
ਅਦਾ ਕਰਦੀ ਹੈ ਆਪਣਾ ਕਿਰਦਾਰ?

◆

ਕਵਿਤਾ / ਨਵਤੇਜ ਭਾਰਤੀ

ਉਦਾਸ ਸਮਿਆਂ ਵਿਚ ਵੀ
ਜੁਗਨੂੰ ਲੋਅ ਕਰਦੇ
ਤਾਰੇ ਟਿਮਟਿਮਾਉਂਦੇ
ਤੇ ਕਵੀ ਕਵਿਤਾ ਲਿਖਦੇ

ਉਦਾਸ ਸਮਿਆਂ ਵਿਚ ਵੀ
ਘਾਹ ਦੀਆਂ ਤਿੜਾਂ ਉਗਦੀਆਂ
ਪੰਛੀ ਗਾਉਂਦੇ ਫੁੱਲ ਖਿੜਦੇ

ਉਦਾਸ ਸਮਿਆਂ ਵਿਚ ਵੀ
ਲੋਕ ਸੁਪਨੇ ਲੈਂਦੇ

ਦਰਿਆ ਵਗਦੇ ਤੇ
ਸੂਰਜ ਚੜ੍ਹਦੇ ਹਨ।

◆

ਸਬਕ / ਮਦਨ ਵੀਰਾ

ਇਹ ਘਰ
ਘਰ ਉਦੋਂ ਤੱਕ ਤੁਹਾਡਾ ਹੈ
ਜਦੋਂ ਤੱਕ
ਮੂੰਹ ਬੰਦ
ਤੇ ਨਜ਼ਰ ਨੀਵੀਂ ਰਹੇਗੀ
ਜੇ ਮੂੰਹ ਖੋਲ੍ਹੋਗੇ
ਉੱਚਾ-ਸੁੱਚਾ ਬੋਲੋਗੇ
ਤਾਂ ਬਹਿ ਕੇ ਰਾਖ ਫੋਲੋਗੇ।

ਇਹ ਪਿੰਡ
ਪਿੰਡ ਉਦੋਂ ਤੱਕ ਤੁਹਾਡਾ ਹੈ
ਜਦੋਂ ਤਕ ਨੇਮ 'ਚ ਰਹੋਗੇ
ਤੈਅ-ਸ਼ੁਦਾ ਪੈੜਾਂ 'ਤੇ ਚੱਲੋਗੇ
ਜਦੋਂ ਨੇਮ ਵਿਸਾਰੋਗੇ
ਨਵਾਂ ਕੁਝ ਮਨ 'ਚ ਧਾਰੋਗੇ
ਪੁਰਾਣੀ ਲੀਹ ਪਾੜੋਗੇ
ਖ਼ੁਦ ਲਿਤਾੜੇ ਜਾਉਗੇ

ਇਹ ਮਿੱਟੀ
ਮਿੱਟੀ ਉਦੋਂ ਤੱਕ ਤੁਹਾਡੀ ਮਾਂ ਹੈ
ਜਦੋਂ ਤੱਕ ਬੈਲ ਬਣ ਕੇ
ਕੋਹਲੂ ਅੱਗੇ ਤੁਰਦੇ ਜਾਉਗੇ
ਅੱਖਾਂ 'ਤੇ ਸਜੇ ਖੋਪਿਆਂ ਨੂੰ
ਗਹਿਣਾ ਸਮਝੋਗੇ
ਜਦੋਂ ਪਰ ਥੱਕ-ਟੁੱਟ ਕੇ
ਤੁਰਨ ਤੋਂ ਨਾਬਰ ਹੋ ਜਾਉਗੇ
ਆਕੀ ਹੋ ਜਾਉਗੇ
ਬਾਗ਼ੀ ਕਹਾਉਗੇ
ਮਾਰੇ ਜਾਉਗੇ

ਇਹ ਦੇਸ਼
ਦੇਸ਼ ਉਦੋਂ ਤੱਕ ਤੁਹਾਡਾ ਹੈ
ਜਦੋਂ ਤੱਕ
ਤੁਹਾਡੇ ਮਨਾਂ 'ਚ ਖ਼ੌਫ਼ ਹੈ
ਖ਼ਤਰਾ ਹੈ
ਜਦੋਂ ਤੁਸੀਂ ਕਿਸੇ ਲਈ
ਖ਼ੌਫ਼ ਬਣੇ-ਖ਼ਤਰਾ ਬਣੇ
ਹੂੰਝੇ ਜਾਉਗੇ
ਪੂੰਝੇ ਜਾਉਗੇ।

◆

ਛਿਪਕਲੀ / ਹੁਸੈਨ ਹੈਦਰੀ

ਖਾਕੀ ਰੰਗ ਦੀਆਂ ਦੀਵਾਰਾਂ 'ਤੇ ਲਟਕਦੀ
ਗਾਂਧੀ ਜੀ ਦੀ ਵੱਡੀ ਸਾਰੀ ਫੋਟੋ ਦੇ ਮਗਰੋਂ
ਦੁਪਹਿਰ ਜਿਹੇ ਵੇਲੇ
ਇਕ ਲੰਮੀ-ਭੂਰੀ
ਛਿਪਕਲੀ ਨਿਕਲਦੀ ਹੈ।

ਰੇਂਗਦੀ ਹੋਈ ਖ਼ਾਮੋਸ਼ੀ ਨਾਲ
ਇਰਦ-ਗਿਰਦ ਫੋਟੋ ਦੇ
ਗਸ਼ਤ ਲਗਾਉਂਦੀ ਹੈ
ਤੇ ਜਿਵੇਂ ਹੀ ਕੋਈ
ਕੀਟ-ਪਤੰਗਾ ਉੱਡਦਾ ਹੋਇਆ
ਉਸ ਦੇ ਕੋਲੋਂ ਲੰਘਦਾ ਹੈ
ਉਸ ਨੂੰ ਦੱਬ ਲੈਂਦੀ ਹੈ
ਪੰਖ ਨੋਚ ਲੈਂਦੀ ਹੈ
ਮਾਸ ਖਾ ਜਾਂਦੀ ਹੈ
ਜ਼ਿੰਦਾ ਨਿਗਲ ਜਾਂਦੀ ਹੈ।

ਫਿਰ ਬੜੇ ਸਲੀਕੇ ਨਾਲ
ਜਿਵੇਂ ਕੁਝ ਨਾ ਵਾਪਰਿਆ ਹੋਵੇ
ਕੋਈ ਵੀ ਮਰਿਆ ਨਾ ਹੋਵੇ
ਰੇਂਗਦੀ ਹੋਈ ਵਾਪਸ
ਗਾਂਧੀ ਜੀ ਦੀ ਫੋਟੋ ਦੇ ਪਿੱਛੇ

ਲੁਕ ਜਾਂਦੀ ਹੈ।

◆

ਮੇਰਾ ਚੰਨ / ਵਿਕਾਸ

ਯਾਦਾਂ ਜਦੋਂ ਤੋਂ ਯਾਦ ਰਹਿਣ ਲੱਗੀਆਂ
ਉਸ ਵੇਲੇ ਤੋਂ ਯਾਦ ਹੈ ਚੰਨ
ਯਾਦ ਹੈ ਮੈਨੂੰ
ਕਿ ਪਹਿਲਾਂ ਉਹ ਸਿਰਫ਼ ਮੇਰਾ ਸੀ
ਉਸ ਦੀ ਠੰਡੀ ਰੋਸ਼ਨੀ
ਸਿਰਫ਼ ਮੇਰੇ ਲਈ ਧਰਤੀ 'ਤੇ ਆਉਂਦੀ ਸੀ

ਮੇਰੇ ਹੀ ਪਿੱਛੇ ਪਿਆ ਰਹਿੰਦਾ ਸੀ
ਚੇਪੂ ਸਾਲਾ
ਜਿਥੇ ਵੀ ਜਾਵਾਂ, ਉਹ ਮੇਰੇ ਨਾਲ ਹੁੰਦਾ ਸੀ
ਤਾਂ ਚਲੋ...
ਮੈਨੂੰ ਵੀ ਪਿਆਰ ਹੋ ਹੀ ਗਿਆ ਉਸ ਨਾਲ

ਪਰ ਭਲਾ ਹੋਵੇ ਉਨ੍ਹਾਂ ਕਿਤਾਬਾਂ ਦਾ
ਜਿੰਨ੍ਹਾਂ ਨੇ ਮੈਨੂੰ ਚੰਨ ਦੀ ਸੱਚਾਈ ਦੱਸੀ
ਉਮਰ ਕਰੋੜਾਂ ਸਾਲ
ਆਕਾਰ
ਮੇਰੀਆਂ ਕਲਪਨਾਵਾਂ ਤੋਂ ਕਿਤੇ ਜਿਆਦਾ ਵੱਡਾ
ਤੇ ਇਸ ਤੋਂ ਕਿਤੇ ਵੱਡੀ ਗੱਲ
ਕਿ ਉਹ ਮੇਰੇ ਨਹੀਂ
ਧਰਤੀ ਦੇ ਚਾਰੋਂ ਪਾਸੇ ਘੁੰਮਦਾ ਹੈ
ਉਸ ਦੀ ਸਾਰੀ ਸੀਤਲਤਾ
ਧਰਤੀ ਦੀ ਗਰਮੀ ਲਈ ਹੈ

ਮੈਂ ਠੱਗਿਆ ਖੜ੍ਹਾ ਹਾਂ, ਇਹ ਸਭ ਕੁਝ ਜਾਣ ਕੇ
ਚਾਹੁੰਦਾ ਤਾਂ ਹਾਂ ਕਿ ਚੰਨ ਦਾ ਇਤਿਹਾਸ ਮਿਟਾ ਦਿਆਂ
ਉਸ ਨੂੰ ਅੱਜ ਪੈਦਾ ਕਰਾਂ, ਸਿਰਫ਼ ਆਪਣੇ ਲਈ
ਜਾਂ ਫਿਰ ਮੰਨ ਲਵਾਂ
ਕਿਤਾਬਾਂ ਝੂਠੀਆਂ ਨੇ
ਤੇ ਸੱਚ ਉਹੀ ਹੈ

ਜੋ ਮੈਂ ਹੰਡਾਇਆ ਹੈ।

◆

ਲੋਕਰਾਜ / ਡਾ. ਨਵਦੀਪ ਖਹਿਰਾ

ਵਕਤ ਆ ਗਿਆ ਹੈ ਕਿ
ਬੰਸਰੀ ਦੇ ਸੁਰ ਜੇਹੀ ਵੱਜਦੀ
ਮੱਠੀ ਮੱਠੀ ਪੌਣ ਜੇਹੀ ਵਗਦੀ
ਜ਼ੁਲਫ਼ਾਂ ਵਾਂਗ ਛਾਂ ਕਰਦੀ
ਤੇ ਕਿਣਮਿਣ ਕਿਣਮਿਣ ਵਰ੍ਹਦੀ
ਕਵਿਤਾ ਨੂੰ ਅਲਵਿਦਾ ਕਹੀਏ

ਕਿਉਂਕਿ ਜਦੋਂ
ਕੰਨਾਂ ਵਿਚ ਤੇਲ ਭਰ ਜਾਵੇ
ਸੋਚ ਦੀ ਉਡਾਨ ਮਰ ਜਾਵੇ
ਰੂਹਾਂ ਵਿਚ ਸਿੱਕਾ ਉਤਰ ਆਵੇ
ਚਮੜੀ ਗੈਂਡੇ ਦੀ ਹੋ ਜਾਵੇ
ਤੇ ਮਨਾਂ ਨੂੰ
'ਮੁਰਦਾ ਸ਼ਾਂਤੀ' ਹੀ ਭਾਵੇਂ

ਤਾਂ ਸੰਖ ਵਜਾਉਣੇ ਪੈਂਦੇ ਨੇ
ਝੱਖੜ ਝੁਲਾਉਣੇ ਪੈਂਦੇ ਨੇ
ਨਸ਼ਤਰ ਖੁਭਾਉਣੇ ਪੈਂਦੇ ਨੇ
ਤੇ ਕਦੀ ਕਦੀ
'ਬੋਲਿਆਂ ਨੂੰ ਸੁਣਾਉਣ ਵਾਸਤੇ
ਬੰਬ ਚਲਾਉਣੇ ਪੈਂਦੇ ਨੇ'

ਆਓ ਡੰਕਾ ਨਗਾਰੇ ਤੇ ਧਰੀਏ
ਹੰਗਾਮਾ ਕੋਈ ਕਰੀਏ
ਮੂਸਲਾਧਾਰ ਵਰ੍ਹੀਏ
ਬਣਕੇ ਸੈਲਾਬ ਜਾ ਚੜ੍ਹੀਏ
ਤੇ ਮਧੁਰ ਮਧੁਰ
ਬੰਸਰੀ ਦੇ ਸੁਰ ਵਰਗੀ ਕਵਿਤਾ ਦਾ
ਸੋਹਲਾ ਜਾ ਪੜ੍ਹੀਏ।

◆

ਮੈਂ ਕੌਣ ਹਾਂ? / ਡਾ. ਲੋਕਰਾਜ

ਮੈਂ ਹਾਸ਼ੀਏ ਤੇ ਧੱਕਿਆ ਗਿਆ ਭਾਰਤੀ ਹਾਂ
ਮੈਂ ਦਿੱਲੀ ਵਿੱਚ ਜਲਾਇਆ ਗਿਆ ਸਿੱਖ ਹਾਂ
ਮੈਂ ਪੰਜਾਬ ਤੋਂ ਖਦੇੜਿਆ ਗਿਆ ਹਿੰਦੂ ਹਾਂ
ਮੈਂ ਕਸ਼ਮੀਰ ਤੋਂ ਕੱਢਿਆ ਗਿਆ ਬ੍ਰਾਹਮਣ ਹਾਂ
ਮੈਂ ਗੁਜਰਾਤ ਵਿਚ ਕਤਲ ਹੋਇਆ ਮੁਸਲਮਾਨ ਹਾਂ
ਮੈਂ ਨਕਸਲੀ ਆਖ ਕੇ ਮਾਰਿਆ ਆਦੀਵਾਸੀ ਹਾਂ
ਮੈਂ ਹਰ ਰੋਜ਼ ਜ਼ਲੀਲ ਕੀਤਾ ਜਾਂਦਾ ਦਲਿਤ ਹਾਂ
ਮੈਂ ਸੁਇਸਾਈਡ ਨੋਟ ਲਿਖ ਰਿਹਾ ਵਿਦਿਆਰਥੀ ਹਾਂ
ਮੈਂ ਜੇ.ਐਨ.ਯੂ ਦੇ ਹੋਸਟਲਾਂ 'ਚ ਜ਼ਖਮੀ ਹੋਇਆ ਰੋਹ ਹਾਂ
ਮੈਂ ਜਾਮੀਆ ਮਿਲੀਆ ਦੇ ਜ਼ਖ਼ਮਾਂ ਦੀ ਟੀਸ ਹਾਂ
ਮੈਂ ਸ਼ਾਹੀਨ ਬਾਗ਼ ਵਿਚ ਇਕੱਠਾ ਹੋਇਆ ਦਰਦ ਹਾਂ
ਮੈਂ ਹਰ ਰੋਜ਼ ਖ਼ੁਦਕੁਸ਼ੀ ਕਰ ਰਿਹਾ ਕਿਸਾਨ ਹਾਂ
ਮੈਂ ਬਾਹਰਲੇ ਵੀਜ਼ੇ ਲਈ ਕਤਾਰ 'ਚ ਖੜਾ ਨੌਜੁਆਨ ਹਾਂ
ਮੈਂ ਆਪਣੀ ਹੋਂਦ ਦੇ ਸਬੂਤ ਲੱਭ ਰਿਹਾ ਨਾਗਰਿਕ ਹਾਂ
ਮੈਂ ਦੇਸ਼ ਅੰਦਰ ਹੀ ਜਲਾਵਤਨ ਹੋਇਆ ਭਾਰਤੀ ਹਾਂ।

◆

ਮੰਦਰ ਦਾ ਲੌਕਡਾਉਨ / ਡਾ. ਸ਼ਿਆਮ ਸੁੰਦਰ ਦੀਪਤੀ

ਮੇਰੇ ਘਰ ਦੀ
ਬਾਹਰੀ ਕਿਆਰੀ ਵਿਚ
ਇਸ ਸਾਲ ਬੜੇ ਫੁੱਲ ਖਿੜ੍ਹੇ ਹਨ
ਹਰ ਮੌਸਮ ਹੀ ਖਿੜਦੇ ਨੇ।

ਪਰ ਉਦੋਂ
ਮੇਰੇ ਜਾਗਣ ਤੋਂ ਪਹਿਲਾਂ
ਕੋਈ ਤੋੜ ਕੇ ਲੈ ਜਾਂਦਾ ਸੀ
ਮੰਦਰ ਚੜ੍ਹਾਉਣ ਲਈ

ਲੋਕ ਤਾਲਾਬੰਦ ਨੇ
ਮੰਦਰ ਵੀ ਉਨ੍ਹਾਂ ਵਿਚ
ਸ਼ਾਮਿਲ ਹੈ।

◆

ਮਿੰਨੀ ਕਹਾਣੀਆਂ

ਸਤਿਕਾਰਯੋਗ ਪਿਤਾ ਜੀ / ਸਵ. ਵਿਸ਼ਨੂੰ ਪ੍ਰਭਾਕਰ ਅਨੁ: ਜਗਦੀਸ਼ ਕੁਲਰੀਆਂ

ਆਪਣੇ ਆਪ ਵਿਚ ਗੁਆਚਿਆ ਉਹ ਘਰ ਨੂੰ ਮੁੜ ਰਿਹਾ ਸੀ ਕਿ ਅਚਾਨਕ ਉਹਨੇ ਮਹਿਸੂਸ ਕੀਤਾ ਕਿ ਇਕ ਦੂਜੇ ਦੇ ਗਲ ਵਿਚ ਬਾਹਾਂ ਪਾਈ ਦੋ ਨੌਜਵਾਨ ਮੁੰਡੇ ਗੱਲਾਂ ਕਰਦੇ ਹੋਏ ਉਹਦੇ ਕੋਲੋਂ ਦੀ ਲੰਘ ਗਏ ਹਨ।

ਉਹਨੇ ਉੱਪਰ ਨਿਗ੍ਹਾਂ ਕਰਕੇ ਦੇਖਿਆ। ਹੈਰਾਨੀ। ਉਹ ਇਕ ਕੁੜੀ ਦਾ ਰਾਹ ਰੋਕਣ ਦਾ ਯਤਨ ਕਰ ਰਹੇ ਸਨ। ਕੁੜੀ ਬਚਣ ਲਈ ਕਦੇ ਖੱਬੇ ਪਾਸੇ ਹੁੰਦੀ, ਕਦੇ ਸੱਜੇ, ਪਰ ਉਹ ਤਰੁੰਤ ਹੀ ਅੱਗੇ ਹੋ ਜਾਂਦੇ। ਆਖਿਰ ਖਿਝ ਗਈ ਉਹ, "ਬਦਤਮੀਜ਼ ਕਿਤੋਂ ਦੇ, ਪਿੱਛੇ ਹਟੋ ਇਥੋਂ।"

ਉਹ ਨੌਜਵਾਨ ਮੁੰਡੇ ਹੱਸੇ, ਕਹਿਣ ਲੱਗੇ, "ਸੋਹਣਿਓ, ਰਸਤਾ ਕਿਸੇ ਦੀ ਮਲਕੀਅਤ ਨਹੀਂ ਹੈ।"

ਉਦੋਂ ਤਕ ਉਹਨੇ ਅਜਿਹੀ ਸਥਿਤੀ ਨਾਲ ਨਿਪਟਣ ਦਾ ਫੈਸਲਾ ਕਰ ਲਿਆ ਸੀ। ਉਥੋਂ ਹੀ ਚੀਕ ਕੇ ਉਹਨੇ ਕਿਹਾ, "ਓਏ ਮੁੰਡਿਓ, ਸ਼ਰਮ ਨਹੀਂ ਆਉਂਦੀ ਤੁਹਾਨੂੰ? ਭੱਜੋ ਏਥੋਂ ਵੇਹਲੜ ਕਿਤੋਂ ਦੇ!"

ਨੌਜਵਾਨਾਂ ਨੇ ਭੋਰਾ ਵੀ ਪ੍ਰਵਾਹ ਨਾ ਕਰਦੇ ਉਸ ਵਲ ਦੇਖਿਆ, ਹੱਸੇ ਤੇ ਕਹਿਣ ਲੱਗੇ, "ਸਤਿਕਾਰਯੋਗ ਪਿਤਾ ਜੀ! ਜਾਓ, ਜਾਓ, ਨਹੀਂ ਤਾਂ ਛੁਰਾ ਖੁਭੋ ਦਿਆਂਗੇ।"

ਉਹ ਤਿਲਮਿਲਾ ਗਿਆ ਅਤੇ ਕਾਹਲੀ ਕਾਹਲੀ ਉਨ੍ਹਾਂ ਵਲ ਵਧਿਆ, ਪ੍ਰੰਤੂ ਨੌਜਵਾਨਾਂ ਨੇ ਉਹਦੇ ਵਲ ਦੇਖਿਆ ਤਕ ਨਹੀਂ। ਕੁੜੀ ਨੂੰ ਹੀ ਨਿਸ਼ਾਨਾ ਕਰਕੇ ਕਹਿਣ ਲੱਗੇ, "ਮਾਲਕੋ! ਅਸੀਂ ਤਾਂ ਤੁਹਾਡੇ ਰਾਹ ਵਿਚ ਅੱਖਾਂ ਵਿਛਾ ਰੱਖੀਆ ਨੇ, ਪਰ ਤੁਸੀਂ ਭੱਜੇ ਜਾ ਰਹੇ ਹੋ! ਮਰਜ਼ੀ ਐਂ ਤੁਹਾਡੀ।"

ਅਤੇ ਇਹ ਕਹਿ ਕੇ ਉਹ ਮੁੜੇ ਤੇ ਕਹਿਣ ਲੱਗੇ, "ਹੁਣ ਚੱਲੋ ਯਾਰ! ਆਪਣਾ ਕੰਮ ਤਾਂ ਹੋ ਗਿਆ।"

ਉਹ ਦੇਸ਼ ਦੇ ਭਵਿੱਖ ਦੇ ਨਿਘਾਰ ਤੇ ਦੁਖੀ ਹੁੰਦਾ ਹੋਇਆ ਘਰੇ ਆ ਗਿਆ। ਕੱਪੜੇ ਬਦਲੇ। ਫੇਰ ਹੱਥ ਮੂੰਹ ਧੋਣ ਲਈ ਗੁਸਲਖਾਨੇ ਵਿਚ ਗਿਆ। ਸਾਹਮਣੇ ਦੀ ਖਿੜਕੀ ਖੁੱਲ੍ਹੀ ਹੋਈ ਸੀ। ਉਹਦੇ ਪਾਰ ਦੇ ਘਰਾਂ ਨੂੰ ਉਹ ਚੰਗੀ ਤਰ੍ਹਾਂ ਦੇਖ ਸਕਦਾ ਸੀ ਕਿ ਇਕ ਨੌਜਵਾਨ ਔਰਤ ਉਪਰ ਛੱਤ ਤੇ ਆਈ। ਨਵ-ਵਿਆਹੁਤਾ ਸੀ ਸ਼ਾਇਦ। ਹਾਰ ਸ਼ਿੰਗਾਰ ਨੇ ਉਸ ਨੂੰ ਹੋਰ ਵੀ ਨਿਖਾਰ ਦਿੱਤਾ ਸੀ।

ਇਕ ਪਲ ਵਿਚ ਜਿਵੇਂ ਕਿਸੇ ਨੇ ਜਾਦੂ ਕਰ ਦਿੱਤਾ ਹੋਵੇ। ਉਹਨੇ ਸੋਚਿਆ ਕਿ ਉਸ ਦੀ ਸਾਰੀ ਚੇਤਨਾ ਜਿਵੇਂ ਉਸ ਨੌਜਵਾਨ ਔਰਤ ਦੇ ਸਰੀਰ ਦੇ ਦੁਆਲੇ ਘੁੰਮ ਰਹੀ ਹੈ ਅਤੇ ਇਹ ਬਾਹਾਂ ਕਸਮਸਾ ਰਹੀਆਂ ਹਨ।

ਉਦੋਂ ਪਤਾ ਨਹੀਂ ਕੀ ਹੋਇਆ— ਇਕ ਨੌਜਵਾਨ ਹਾਸਾ ਕਿਤਿਓ ਆ ਕੇ ਉਹਦੀ ਛਾਤੀ ਵਿਚ ਭਰ ਗਿਆ। ਕਿਸੇ ਨੇ ਕਿਹਾ, "ਸਤਿਕਾਰ ਯੋਗ ਪਿਤਾ ਜੀ!"

ਉਹ ਡਰ-ਤੜਫ਼ ਗਿਆ, "ਕੌਣ ਹੈ?"

ਉਹ ਮੌਨ ਮਸਤ ਸੁਰ ਜਿਵੇਂ ਕੰਨ ਵਿਚ ਫੁਸਫੁਸਾਇਆ, "ਸਤਿਕਾਰਯੋਗ ਪਿਤਾ ਜੀ, ਦੂਰੋਂ ਲੁਕ ਕੇ ਨਹੀਂ, ਕੋਲ ਜਾ ਕੇ ਦੇਖੋ ਨਾ। ਉਹ ਕੁੜੀ ਵੀ ਅਜਿਹੀ ਚੀਜ਼ ਸੀ। ਤੁਸੀਂ ਉਹਨੂੰ ਭਜਾ ਦਿੱਤਾ, ਪ੍ਰੰਤੂ ਅਸੀਂ .....।"

ਉਹਨੇ ਤਿਲਮਿਲਾ ਕੇ ਕਹਿਣਾ ਚਾਹਿਆ, "ਭੱਜ ਜਾਓ ਇੱਥੋਂ, ਗੁੰਡੇ!"

"ਗੁੰਡੇ ਕੌਣ? ਅਸੀਂ ਕਿ ਤੁਸੀਂ?"

ਅਤੇ ਉਹ ਹਾਸਾ ਜਿਵੇਂ ਉਹਦੇ ਪੂਰੇ ਸਰੀਰ ਵਿਚ ਕੰਡਾ ਬਣਕੇ ਸਮਾ ਗਿਆ। ਉਹਨੇ ਕਾਹਲ ਨਾਲ ਖਿੜਕੀ ਬੰਦ ਕਰ ਦਿੱਤੀ ਅਤੇ ਉਸ ਤੋਂ ਵੀ ਦੁੱਗਣੀ ਕਾਹਲ ਨਾਲ ਪੈਰਾਂ 'ਤੇ ਪਾਣੀ ਪਾਉਣ ਲੱਗਿਆ।

ਪ੍ਰੰਤੂ ਕੰਡਿਆਂ ਦੀ ਰੜ੍ਹਕ ਪਾਣੀ ਪਾਉਣ ਨਾਲ ਥੋੜ੍ਹਾ ਘਟਦੀ ਹੈ।

◆

ਦੋ ਟਿਕਟਾਂ / ਹੇਮੰਤ ਰਾਣਾ

ਅਨੁ: ਜਗਦੀਸ਼ ਕੁਲਰੀਆਂ

ਸਰਦੀਆਂ ਦੇ ਦਿਨ ਸਨ। ਵਰਮਾ ਜੀ ਬਾਲਕੋਨੀ ਵਿਚ ਬੈਠੇ ਅਖ਼ਬਾਰ ਪੜ੍ਹ ਰਹੇ ਸਨ। ਰਿਟਾਇਰਮੈਂਟ ਦੇ ਬਾਅਦ, ਜ਼ਿੰਦਗੀ ਏਨੀ ਵੀ ਬੋਰ ਨਹੀਂ ਸੀ, ਪ੍ਰੰਤੂ ਜਦੋਂ ਤੋਂ ਪਤਨੀ ਸਾਥ ਛੱਡ ਕੇ ਗਈ; ਇਕ-ਇਕ ਪਲ ਕੱਟਣਾ ਮੁਸ਼ਕਲ ਹੋ ਗਿਆ। ਹੁਣ ਤਾਂ ਅਖ਼ਬਾਰ ਹੀ ਉਨ੍ਹਾਂ ਦਾ ਸਾਥੀ ਸੀ। ਉਦੋਂ ਹੀ ਅੰਦਰੋਂ ਉਨ੍ਹਾਂ ਦੇ ਪੋਤੇ ਨੇ ਅਵਾਜ਼ ਦਿੱਤੀ, "ਦਾਦਾ ਜੀ, ਟੇਬਲ ਤੇ ਤੁਹਾਡਾ ਫੋਨ ਵੱਜ ਰਿਹਾ ਹੈ।"

ਵਰਮਾ ਜੀ ਨੇ ਉਥੇ ਬੈਠਿਆ ਹੀ ਕਿਹਾ, "ਦੇਖ ਤਾਂ, ਕੀ ਨਾਮ ਲਿਖਿਆਂ ਆ ਰਿਹਾ ਹੈ?"

"ਕੋਈ ਆਰ.ਜੀ. ਲਿਖਿਆ ਆ ਰਿਹਾ ਹੈ..."

"ਉਨ੍ਹਾਂ ਦਾ ਹੀ ਫੋਨ ਹੈ, ਜਿਹਦੀ ਬੇਟੀ ਦੇ ਵਿਆਹ ਵਿਚ ਤੂੰ ਮੇਰੇ ਨਾਲ ਗਿਆ ਸੀ।" ਵਰਮਾ ਜੀ ਨੇ ਪੋਤੇ ਦੇ ਹੱਥ ਵਿਚੋਂ ਫੋਨ ਫੜ੍ਹਦੇ ਹੋਏ ਕਿਹਾ।

"ਹਾਂ, ਦੱਸ ਰਿਚਾ, ਕਿਵੇਂ ਐਂ?"

"ਮੈਂ ਠੀਕ ਹਾਂ। ਤੁਸੀਂ ਕਿਵੇਂ ਹੋ?"

"ਬਸ, ਅਜੇ ਤਾਂ ਰਹਿੰਦਾ ਸਮਾਂ ਲੰਘਾਉਣਾ ਹੈ, ਸੋ ਲੰਘਾ ਰਹੇ ਹਾਂ। ਫੋਨ ਕਿਵੇਂ ਕੀਤਾ, ਕੀ ਕੋਈ ਕੰਮ ਸੀ?"

"ਹਾਂ, ਘਰੋਂ ਭੱਜਣਾ ਸੀ।"

"ਇਸ ਸੱਤਰ ਸਾਲ ਦੀ ਉਮਰ ਵਿਚ!! ਕੀਹਦੇ ਨਾਲ ਭੱਜ ਰਹੀ ਹੈ?"

"ਤੇਰੇ ਨਾਲ।"

"ਇਸ ਨਾਲ ਭੱਜਣਾ ਹੁੰਦਾ ਤਾਂ ਉਦੋਂ ਵੀਹ ਸਾਲ ਦੀ ਉਮਰ ਵਿਚ ਹੀ ਭੱਜ ਜਾਂਦੀ। ਉਦੋਂ ਤੂੰ ਆਈ ਨਹੀਂ ਅਤੇ ਮੈਂ ਸਵੇਰੇ ਤੋਂ ਸ਼ਾਮ ਤਕ ਹੱਥ ਵਿਚ ਦੋ ਟਿਕਟਾਂ ਲੈ ਕੇ ਸਟੇਸ਼ਨ ਤੇ ਖੜ੍ਹਿਆ ਰਿਹਾ।"

"ਹਾਂ, ਉਦੋਂ ਨਹੀਂ ਆ ਸਕੀ...। ...ਫੇਰ ਵਿਆਹ। ਉਸ ਤੋਂ ਬਾਅਦ ਬੱਚੇ। ਬਸ ਉਨਾਂ ਵਿਚ ਹੀ ਰਚ-ਮਿਚ ਕੇ ਰਹਿ ਗਈ। ਗੁਪਤਾ ਜੀ ਮੇਰੇ ਲਈ ਇਹ ਘਰ ਅਤੇ ਬੇਟੀ ਦੀ ਜਿੰਮੇਵਾਰੀ ਛੱਡ ਕੇ ਚਲੇ ਗਏ ਸਨ। ਬੇਟੀ ਆਪਣੇ ਘਰ ਚਲੀ ਗਈ ਅਤੇ ਇਹ ਘਰ ਮੈਂ ਇਕ ਸੰਸਥਾ ਨੂੰ ਲਾਇਬਰੇਰੀ ਖੋਲ੍ਹਣ ਲਈ ਦੇ ਦਿੱਤਾ ਹੈ। ਆਪਣੇ ਲਈ ਇਕ ਕਮਰਾ ਰੱਖਿਐ ਬਸ।"

"ਇਹ ਤਾਂ ਤੂੰ ਚੰਗਾ ਕੰਮ ਕੀਤਾ। ਹੁਣ ਏਡੇ ਵੱਡੇ ਘਰ ਦਾ ਇਕੱਲੀ ਕਰਦੀ ਵੀ

ਕੀ?"

"ਇਕ ਬੱਸ ਤੀਰਥ ਯਾਤਰਾ ਲਈ ਜਾ ਰਹੀ ਹੈ। ਉਸੇ ਵਿਚ ਦੋ ਟਿਕਟ ਬੁੱਕ ਕਰਾਏ ਹਨ, ਆ ਜਾਵੀਂ ਜ਼ਰੂਰ। ਕਦੇ ਅਜਿਹਾ ਨਾ ਹੋਵੇ ਕਿ ਇਸ ਵਾਰ ਦੋ ਟਿਕਟਾਂ ਲੈ ਕੇ "ਮੈਂ" ਖੜ੍ਹੀ ਰਹਾਂ।

"ਕੀ ਤੀਰਥ ਯਾਤਰਾ ਤੇ ਆਪਣੇ ਦੀਵਾਨੇ ਨਾਲ ਭੱਜ ਕੇ ਜਾਵੇਗੀ? ਭਗਵਾਨ ਦਾ ਪਾਪ ਲੱਗੂ।" ਇਸ ਵਾਰ ਵਰਮਾ ਜੀ ਦੀ ਆਵਾਜ਼ ਵਿਚ ਇਕ ਟੁਣਕਾਰ ਸੀ।

"ਕੋਈ ਪਾਪ ਨਹੀਂ ਲਗਦਾ। ਪਹਿਲਾਂ ਵੀ ਕਿਹੜਾ ਅਸੀਂ ਮੰਦਿਰ ਵਿਚ ਕੋਈ ਪਾਠ ਕਰਨ ਜਾਂਦੇ ਸੀ।" ਹੁਣ ਰਿਚਾ ਦੀ ਆਵਾਜ਼ ਵੀ ਵਰਮਾ ਜੀ ਦੀ ਆਵਾਜ਼ ਨਾਲ ਟੁਣਕ ਕੇ ਆ ਰਹੀ ਸੀ।

◆

ਰਿਸ਼ਤੇ ਦਾ ਨਾਮਕਰਨ / ਐਡਵੋਕੇਟ ਦਲੀਪ ਸਿੰਘ ਵਾਸਨ

ਉਜਾੜ ਜਿਹੇ ਰੇਲਵੇ ਸਟੇਸ਼ਨ 'ਤੇ ਇਕੱਲੀ ਬੈਠੀ ਲੜਕੀ ਨੂੰ ਮੈਂ ਪੁੱਛਿਆ ਤਾਂ ਉਸ ਦੱਸਿਆ ਕਿ ਉਹ ਮਾਸਟਰਨੀ ਲੱਗ ਕੇ ਆਈ ਹੈ। ਰਾਤੀਂ ਸਟੇਸ਼ਨ 'ਤੇ ਹੀ ਰਹੇਗੀ। ਸਵੇਰੇ ਉੱਥੋਂ ਹੀ ਜਾ ਡਿਊਟੀ 'ਤੇ ਹਾਜ਼ਰ ਹੋਵੇਗੀ। ਮੈਂ ਇਸੇ ਪਿੰਡ 'ਚ ਮਾਸਟਰ ਲੱਗਿਆ ਹੋਇਆ ਸਾਂ। ਪਹਿਲੋਂ ਵਾਪਰੀਆਂ ਇਕ-ਦੋ ਘਟਨਾਵਾਂ ਬਾਰੇ ਮੈਂ ਉਸਨੂੰ ਜਾਣਕਾਰੀ ਦਿੱਤੀ।

"ਤੁਹਾਡਾ ਰਾਤੀਂ ਇੱਥੇ ਠਹਿਰਨਾ ਠੀਕ ਨਹੀਂ। ਮੇਰੇ ਨਾਲ ਚੱਲੋ, ਮੈਂ ਕਿਸੇ ਘਰ ਤੁਹਾਡਾ ਰਾਤ ਰਹਿਣ ਦਾ ਪ੍ਰਬੰਧ ਕਰ ਦਿੰਦਾ ਹਾਂ।"

ਜਦੋਂ ਅਸੀਂ ਪਿੰਡ ਵਿਚੋਂ ਲੰਘ ਰਹੇ ਸਾਂ ਤਾਂ ਮੈਂ ਇਸ਼ਾਰਾ ਕਰ ਕੇ ਦੱਸਿਆ ਕਿ ਮੈਂ ਇਸ ਚੁਬਾਰੇ ਵਿਚ ਰਹਿੰਦਾ ਹਾਂ। ਅਟੈਚੀ ਧਰਤੀ 'ਤੇ ਰੱਖਕੇ ਉਹ ਆਖਣ ਲੱਗੀ, "ਥੋੜਾ ਚਿਰ ਤੁਹਾਡੇ ਕਮਰੇ ਵਿਚ ਹੀ ਠਹਿਰ ਜਾਂਦੇ ਹਾਂ। ਮੈਂ ਮੂੰਹ-ਹੱਥ ਧੋ ਕੇ ਕੱਪੜੇ ਬਦਲ ਲਵਾਂਗੀ।"

ਬਿਨਾਂ ਅੱਗੋਂ ਕੋਈ ਵਾਰਤਾਲਾਪ ਤੋਰੇ ਅਸੀਂ ਦੋਵੇਂ ਕਮਰੇ ਵਿਚ ਆ ਗਏ ਸਾਂ।

"ਤੁਹਾਡੇ ਨਾਲ ਕੌਣ ਰਹਿੰਦਾ ਹੈ?"

"ਮੈਂ ਇਕੱਲਾ ਹੀ ਰਹਿੰਦਾ ਹਾਂ।"

"ਬਿਸਤਰੇ ਤਾਂ ਦੋ ਲੱਗੇ ਹੋਏ ਨੇ?"

"ਕਦੀ ਮੇਰੀ ਮਾਂ ਆ ਜਾਂਦੀ ਏ।"

ਗੁਸਲਖਾਨੇ 'ਚ ਜਾ ਕੇ ਉਸਨੇ ਮੂੰਹ-ਹੱਥ ਧੋਤੇ। ਕੱਪੜੇ ਬਦਲੇ। ਮੈਂ ਇੰਨੇ ਚਿਰ 'ਚ ਚਾਹ ਦੇ ਦੋ ਕੱਪ ਬਣਾ ਲਏ।

"ਤੁਸੀਂ ਰਸੋਈ ਵੀ ਰੱਖੀ ਹੋਈ ਏ?"

"ਇੱਥੇ ਕਿਹੜੇ ਹੋਟਲ ਨੇ।"

"ਫਿਰ ਤਾਂ ਰੋਟੀ ਵੀ ਮੈਂ ਇੱਥੇ ਹੀ ਖਾਵਾਂਗੀ।"

ਗੱਲਾਂ-ਗੱਲਾਂ ਵਿਚ ਰਾਤ ਬਹੁਤ ਲੰਘ ਗਈ ਸੀ ਤੇ ਉਹ ਮਾਂ ਜੀ ਦੇ ਬਿਸਤਰੇ ਉੱਤੇ ਲੰਮੀ ਵੀ ਪੈ ਗਈ ਸੀ।

ਮੈਂ ਸੌਣ ਦੀ ਬਹੁਤ ਕੋਸ਼ਿਸ਼ ਕਰ ਰਿਹਾ ਹਾਂ। ਪਰ ਨੀਂਦਰ ਹੀ ਨਹੀਂ ਸੀ ਆ ਰਹੀ। ਮੈਂ ਕਈ ਵਾਰੀ ਉੱਠਕੇ ਉਸਦੇ ਮੰਜੇ ਤੱਕ ਗਿਆ ਸਾਂ। ਉਸ 'ਤੇ ਹੈਰਾਨ ਸਾਂ। ਮੇਰੇ ਵਿਚ ਮਰਦ ਜਾਗ ਰਿਹਾ ਸੀ। ਪਰ

ਉਸ ਵਿਚ ਵੱਸਦੀ ਔਰਤ ਘੂਕ ਸੁੱਤੀ ਪਈ ਸੀ।

ਮੈਂ ਪੌੜੀਆਂ ਚੜ੍ਹ ਕੋਠੇ ਉੱਤੇ ਜਾ ਕੇ ਟਹਿਲਣ ਲੱਗ ਪਿਆ ਸਾਂ।

ਕੁਝ ਚਿਰ ਬਾਅਦ ਉਹ ਵੀ ਕੋਠੇ ਉੱਤੇ ਆ ਗਈ। ਚੁੱਪ-ਚਪੀਤੀ ਟਹਿਲਣ ਲੱਗ ਪਈ।

"ਜਾ ਕੇ ਸੌਂ ਜਾਓ। ਸਵੇਰੇ ਤੁਸੀਂ ਡਿਊਟੀ ਜਾ ਕੇ ਹਾਜਰੀ ਦੇਣੀ ਐ", ਮੈਂ ਕਿਹਾ।

"ਤੁਸੀਂ ਸੁੱਤੇ ਨਹੀਂ?"

"ਮੈਂ ਕਾਫੀ ਚਿਰ ਸੁੱਤਾ ਰਿਹਾ ਹਾਂ।"

"ਝੂਠ।"

""

ਉਹ ਬਿਲਕੁਲ ਰੂ-ਬ-ਰੂ ਆ ਖਲੋਤੀ, "ਅਗਰ ਮੈਂ ਤੁਹਾਡੀ ਛੋਟੀ ਭੈਣ ਹੁੰਦੀ ਤਾਂ ਤੁਸੀਂ ਉਨੀਂਦਰੇ ਵਿਚ ਨਹੀਂ ਸੀ ਰਹਿਣਾ।"

"ਨਹੀਂ-ਨਹੀਂ, ਐਸੀ ਕੋਈ ਗੱਲ ਨਹੀਂ।"

ਤੇ ਮੈਂ ਉਸਦੇ ਸਿਰ ਉੱਤੇ ਹੱਥ ਫੇਰ ਦਿੱਤਾ।

◆

ਬੀਹੀ ਵੱਲ ਖੁੱਲਦਾ ਬੂਹਾ / ਮਨਜੀਤ ਸਿੱਧੂ ਰਤਨਗੜ

ਜਦ ਕੋਠੀ ਬਣ ਕੇ ਤਿਆਰ ਹੋ ਗਈ ਤਾਂ ਨੂੰਹ ਪੁੱਤ ਨੇ ਬਾਹਰਲੀ ਬੈਠਕ ਬਾਪੂ ਨੂੰ ਅਲਾਟ ਕਰ ਦਿੱਤੀ। ਨਵੇਂ ਘਰ ਵਿਚ ਪੁਰਾਣੀਆਂ ਤਸਵੀਰਾਂ ਦਾ ਕੀ ਕੰਮ, ਸੋਚ ਕੇ ਉਹ ਵੀ ਬਾਪੂ ਦੀ ਬੈਠਕ ਵਿਚ ਟੰਗਵਾ ਦਿੱਤੀਆਂ। ਨੂੰਹ ਦੇ ਕਹੇ ਇਹ ਬੋਲ, "ਜੀ, ਆਹ ਬੇਬੇ ਦੀ ਫੋਟੋ ਵੀ ਉੱਥੇ ਹੀ ਟੰਗਵਾ ਦੋ ਬਾਪੂ ਦਾ ਜੀ ਪਰਚਿਆ ਰਹੂ" ਉਸਦਾ ਕਾਲਜਾ ਤਾਂ ਸਾੜਦੇ ਪਰ ਉਹ ਇਸ ਦਰਦ ਨੂੰ ਅੰਦਰ ਹੀ ਅੰਦਰ ਪੀ ਜਾਂਦਾ। ਹੋਰ ਕਰਦਾ ਵੀ ਕੀ? ਉਹ ਸੋਚਦਾ ਗੁੱਸਾ ਵੀ ਤਾਂ ਬੰਦਾ ਆਪਣਿਆਂ ਤੇ ਹੀ ਕਰ ਸਕਦਾ ਹੈ। ਪਰ ਇਥੇ ਤਾਂ ਉਹ ਬੇਗਾਨਾ ਹੀ ਨਹੀਂ, ਫਾਲਤੂ ਵੀ ਸੀ।

ਰੋਟੀ ਪਾਣੀ ਨੌਕਰ ਨੇ ਸਮੇਂ ਸਿਰ ਦੇ ਦਿੱਤਾ ਤਾਂ ਖਾ ਲਿਆ। ਨਹੀਂ ਤਾਂ ਰੱਬ ਭਲੀ ਕਰੇ ਕਹਿ ਕੇ ਢਿੱਡ ਤੇ ਹੱਥ ਫੇਰ ਲੈਂਦਾ। ਕਦੇ-ਕਦੇ ਮੰਜੇ 'ਤੇ ਪਿਆ ਉਹ ਆਪਣੇ ਅਤੀਤ ਵਿਚ ਗੁਆਚ ਜਾਂਦਾ। ਬੈਠਕ ਦੀ ਛੱਤ ਉਸ ਲਈ ਪਰਦੇ ਦਾ ਕੰਮ ਕਰਦੀ। ਅੱਜ ਉਸਨੂੰ ਆਪਣੇ ਬਚਪਨ ਵੇਲੇ ਪਾਲਿਆ ਕੁੱਤਾ ਬੀਸੀ ਯਾਦ ਆਇਆ ਜਿਸਨੂੰ ਉਹ ਨਿੱਕੇ ਜਿਹੇ ਨੂੰ ਸਕੂਲੋਂ ਵਾਪਿਸ ਆਉਂਦਿਆਂ ਚੁੱਕ ਲਿਆਇਆ ਸੀ। ਉਹ ਆਪਣੀ ਮਾਂ ਦੇ ਰੋਕਦਿਆਂ ਰੋਕਦਿਆਂ ਵੀ ਆਪਣੇ ਹਿੱਸੇ ਦਾ ਦੁੱਧ ਉਸਨੂੰ ਪਿਆਂ ਦਿੰਦਾ। ਬੀਸੀ ਨੇ ਵੀ ਉਮਰ ਭਰ ਆਪਣੇ ਮਾਲਕ ਦੀ ਸੇਵਾ ਦਾ ਮੁੱਲ ਮੋੜਿਆ। ਪਰ ਜਦ ਉਸਦਾ ਆਖਰੀ ਸਮਾਂ ਆਇਆ ਤਾਂ ਚਊਂ-ਚਊਂ ਕਰਦਾ ਰਹਿੰਦਾ। ਉਸਦੇ ਕੋਲ ਬੈਠ ਜਦ ਉਹ ਉਸਦੇ ਸਿਰ 'ਤੇ ਹੱਥ ਫੇਰਦਾ ਤਾਂ ਉਹ ਚੁੱਪਚਾਪ ਹੋ ਅੱਖਾਂ ਬੰਦ ਕਰ ਲੈਂਦਾ। ਉਸ ਸਮੇਂ ਲਗਦਾ ਜਿਵੇਂ ਉਹ ਕਿਸੇ ਗੂਹੜੇ ਆਨੰਦ ਵਿਚ ਹੋਵੇ। ਇਹ ਸਭ ਯਾਦ ਆਉਂਦਿਆਂ ਹੀ ਉਸਦਾ ਜੀਅ ਕੀਤਾ ਕਿ ਉਹ ਵੀ ਬੀਸੀ ਵਾਂਗ ਚਊਂ-ਚਊਂ ਕਰੇ। ਪਰ ਅਗਲੇ ਹੀ ਪਲ ਉਸਨੂੰ ਖਿਆਲ ਆਇਆ ਕਿ ਬੈਠਕ ਦਾ ਇੱਕ ਬੂਹਾ ਬਾਹਰ ਬੀਹੀ ਵੱਲ ਵੀ ਖੁੱਲ੍ਹਦਾ ਹੈ।

❀

ਸਵੈ ਜੀਵਨੀ ਅੰਸ਼

ਭੀਸ਼ਮ ਸਾਹਨੀ

ਅਗੇਯ ਨਾਲ ਮੇਰੀ ਜਾਣ ਪਹਿਚਾਣ ਲਾਹੌਰ ਦੇ ਦਿਨਾਂ ਦੀ ਸੀ। ਬਾਅਦ ਵਿਚ ਉਨ੍ਹਾਂ ਦੀ ਸ਼ਾਦੀ ਸੰਤੋਸ਼ ਨਾਲ ਹੋਈ ਤੇ ਉਹ ਕਸ਼ਮੀਰ ਜਾਂਦੇ-ਆਂਦੇ ਹੋਏ ਅਕਸਰ ਰਾਵਲਪਿੰਡੀ ਸਾਡੇ ਘਰ ਠਹਿਰਦੇ ਸਨ। ਇਕ ਵਾਰੀ ਦਿੱਲੀ ਵਿਚ ਅਸੀਂ ਸਤਿਆ ਭੈਣ ਜੀ ਦੇ ਘਰ ਬੈਠੇ ਸੀ ਜਦ ਅਗੇਯ ਨੇ ਕਿਹਾ, "ਹਾਲ ਹੀ ਮੇਂ ਤੀਨ ਚਿਰੰਜੀਵੀ ਨਾਵਲ ਪ੍ਰਕਾਸ਼ਿਤ ਹੂਏ ਹੈਂ 'ਗੋਦਾਨ', 'ਬਾਣਭੱਟ ਦੀ ਆਤਮਕਥਾ', ਔਰ ਮੇਰਾ ਨਾਵਲ 'ਸ਼ੇਖਰ ਇਕ ਜੀਵਨੀ'।"

ਗੱਲ ਠੀਕ ਸੀ। ਬਾਅਦ ਵਿਚ ਤਿੰਨਾਂ ਕਿਤਾਬਾਂ ਦੀ ਬੜੀ ਚਰਚਾ ਹੋਈ। ਪਰ ਮੈਨੂੰ ਅਗੇਯ ਦੇ ਮੂੰਹੋਂ ਉਸਦੀ ਆਪਣੀ ਕਿਤਾਬ ਦੀ ਤਾਰੀਫ਼ ਸੁਣਨਾ ਬੜਾ ਓਪਰਾ ਲੱਗਾ।

ਇਕ ਵਾਰੀ ਪਹਿਲਾਂ ਵੀ ਸ਼੍ਰੀਨਗਰ ਤੋਂ ਮੁੜਦਿਆਂ ਜਦ ਉਹ ਮੇਰੇ ਘਰ ਠਹਿਰੇ ਤਾਂ ਵੀ ਸ਼ਾਮ ਵੇਲੇ ਸੈਰ ਕਰਦਿਆਂ ਨਵੀਆਂ ਕਿਤਾਬਾਂ ਦੀ ਚਰਚਾ ਚਲੀ ਤਾਂ ਮੈਂ ਯਸ਼ਪਾਲ ਦੇ ਦੋ ਕਹਾਣੀ ਸੰਗ੍ਰਹਿ 'ਪਿੰਜਰੇ ਕੀ ਉੜਾਨ' ਤੇ 'ਗਿਆਨ ਦਾਨ' ਦਾ ਜ਼ਿਕਰ ਕੀਤਾ ਜਿਹੜੇ ਮੈਨੂੰ ਬੜੇ ਚੰਗੇ ਲੱਗੇ ਹਨ। ਤਾਂ ਵੀ ਅਗੇਯ ਦੇ ਮੂੰਹੋਂ "ਯਸ਼ਪਾਲ ਕੇ ਲੇਖਨ ਮੇਂ ਤੋ ਕੋਈ ਖਾਸ ਬਾਤ ਮੁਝੇ ਨਜ਼ਰ ਆਤੀ ਨਹੀਂ।" ਇਹ ਸੁਣ ਕੇ ਮੈਂ ਥੋੜ੍ਹਾ ਹੈਰਾਨ ਹੋਇਆ ਸਾਂ।

ਇਹੋ ਜਿਹੀ ਟਿੱਪਣੀ ਪਾਠਕ ਦੇ ਮੂੰਹੋਂ ਨਿਕਲੇ ਤਾਂ ਸ਼ੋਭਦੀ ਹੈ। ਪਰ ਲੇਖਕ ਦੇ ਮੂੰਹੋਂ ਨਹੀਂ ਸ਼ੋਭਦੀ। ਲੇਖਕ ਦੇ ਮੂੰਹੋਂ ਤਾਂ ਕਿਸੇ ਸਾਥੀ ਲੇਖਕ ਦੀਆਂ ਖੂਬੀਆਂ ਦੀਆਂ ਚਰਚਾ ਹੀ ਜ਼ਿਆਦਾ ਸ਼ੋਭਦੀ ਹੈ। ਪਰ ਇਹ ਆਪਣੇ-ਆਪਣੇ ਸੁਭਾਵ ਦੀ ਗੱਲ ਹੈ ਜਾਂ ਫਿਰ ਆਤਮਵਿਸ਼ਵਾਸ ਦੀ। ਸਆਦਤ ਹਸਨ ਮੰਟੋ ਵੀ ਤਾਂ ਛਾਤੀ ਠੋਕ ਕੇ ਕਹਿੰਦਾ ਸੀ ਕਿ "ਮੇਰੇ ਜੈਸੀ ਕਹਾਣੀ ਹੋਰ ਕੋਈ ਨਹੀਂ ਲਿਖ ਸਕਦਾ।" ਹਾਂ ਇਹ ਕਹਿਣਾ ਮੁਸ਼ਕਿਲ ਹੈ ਕਿ ਕਿੱਥੇ ਕਿਸੇ ਲੇਖਕ ਦਾ ਆਤਮਵਿਸ਼ਵਾਸ ਬੋਲ ਰਿਹਾ ਹੈ ਤੇ ਕਿੱਥੇ ਉਸ ਦਾ ਅਹੰਮ ਬੋਲ ਰਿਹਾ ਹੈ।

ਪਰ ਇਹ ਇਤਨੀ ਸਰਲ ਤੇ ਮਾਮੂਲੀ ਗੱਲ ਵੀ ਨਹੀਂ। ਸਾਡੇ ਸਮਾਜ ਨੇ ਸਾਹਿਤ ਨੂੰ ਅਪਣਾਇਆ ਨਹੀਂ। ਸਾਡਾ ਪਾਠਕ ਵਰਗ ਬਹੁਤ ਛੋਟਾ ਹੈ। ਵਿਰਲੇ ਹੀ ਕੁਝ ਲੋਕ ਕਿਤਾਬਾਂ ਪੜ੍ਹਦੇ ਹਨ। ਜੇਕਰ ਪਾਠਕ ਵਰਗ ਵਿਚ ਵੱਡੇ ਪੈਮਾਨੇ ਤੇ ਕਿਤਾਬਾਂ ਦੀ ਚਰਚਾ ਹੋਵੇ, ਪਾਠਕ ਵਰਗ ਲੇਖਕ ਦੀ ਰਚਨਾ ਨੂੰ ਮਹੱਤਵ ਦੇਵੇ ਤਾਂ ਉਸ ਨੂੰ ਆਪਣੀਆਂ ਰਚਨਾਵਾਂ ਦੀ ਤਾਰੀਫ਼ ਆਪ ਕਰਨ ਦੀ ਲੋੜ ਨਹੀਂ ਹੋਵੇਗੀ। ਬੇਸ਼ੱਕ ਅੱਜ ਦੇ ਵਿਅਕਤੀਵਾਦੀ ਯੁੱਗ ਵਿਚ ਆਪਣਾ ਪ੍ਰਚਾਰ ਕਰਨਾ ਬੁਰਾ ਨਹੀਂ ਸਮਝਿਆ ਜਾਂਦਾ ਪਰ ਸਾਡਾ ਸਭਿਆਚਾਰ ਇਸ ਨੂੰ ਬੁਰਾ ਸਮਝਦਾ ਹੈ।

◆

ਜੰਗ ਅਜੇ ਚੱਲ ਰਹੀ ਸੀ ਜਦ ਦੋ ਲੇਖਕਾਂ ਨੂੰ ਫੌਜੀ ਵਰਦੀ ਵਿਚ ਵੇਖਣ ਦਾ ਮੌਕਾ ਮਿਲਿਆ। ਇਕ ਅਗੇਯ ਨੂੰ ਜਿਹੜੇ ਫੌਜੀਆਂ ਦਾ ਇਕ ਕਲਚਰਲ ਟਰੁੱਪ ਰਾਵਲਪਿੰਡੀ ਲੈ ਕੇ ਆਏ ਸਨ, ਤੇ ਦੂਸੇ ਫੈਜ਼ ਅਹਿਮਦ ਫੈਜ਼ ਨੂੰ ਜਿਹੜੇ ਮੇਜਰ ਦੀ ਵਰਦੀ ਵਿਚ ਸਨ ਤੇ ਬੜੇ ਚੁਸਤ ਦਰੁਸਤ ਲੱਗ ਰਹੇ ਸਨ। ਉਨ੍ਹਾਂ ਦੀ ਕਵਿਤਾ 'ਮੁਝ ਸੇ ਪਹਿਲੀ ਸੀ ਮੁਹੱਬਤ ਮੇਰੇ

ਮਹਿਬੂਬ ਨ ਮਾਂਗ', ਬੜੀ ਲੋਕਪ੍ਰਿਯ ਹੋ ਚੁੱਕੀ ਸੀ। ਫੈਜ਼ ਸਾਹਿਬ ਨਾਲ ਇਹ ਪਹਿਲੀ ਮੁਲਾਕਾਤ ਇਕ ਡਿਨਰ ਪਾਰਟੀ ਤੇ ਹੋਈ ਸੀ। ਉਸ ਸਮੇਂ ਹਿਟਲਰ ਦੇ ਖਿਲਾਫ਼ ਜੰਗ ਵਿਚ, ਵਾਮਪੰਥੀ ਵਿਚਾਰਾਂ ਵਾਲੇ ਸਾਡੇ ਅਨੇਕ ਬੁਧੀਜੀਵੀ ਅੰਗਰੇਜ਼ ਹਕੂਮਤ ਦੀ ਮਦਦ ਕਰਨਾ ਚਾਹੁੰਦੇ ਸਨ। ਇਸੇ ਕਾਰਣ ਇਹ ਲੇਖਕ ਬ੍ਰਿਟਿਸ਼ ਸੈਨਾ ਵਿਚ ਸ਼ਾਮਿਲ ਹੋਏ ਸਨ।

ਸੰਨ 1944 ਵਿਚ ਬਲਰਾਜ, ਇੰਗਲੈਂਡ ਤੋਂ ਵਾਪਿਸ ਮੁੜ ਆਏ ਸਨ, ਉਥੇ ਉਹ ਜੰਗ ਦੇ ਦੌਰਾਨ ਬੀ.ਬੀ.ਸੀ. ਵਿਚ ਅਨਾਊਂਸਰ ਦਾ ਕੰਮ ਕਰਦੇ ਰਹੇ ਸਨ। ਉਸ ਜ਼ਮਾਨੇ 'ਚ ਆਮ ਤੌਰ ਤੇ ਕੋਈ ਹਿੰਦੁਸਤਾਨੀ ਵਲਾਇਤ ਜਾਵੇ ਤਾਂ ਉਹ ਅੰਗਰੇਜ਼ ਬਣ ਕੇ ਮੁੜਦਾ ਸੀ, ਪਰ ਸਾਡਾ ਭਰਾ ਮੁੜਿਆ ਤਾਂ ਵਾਮਪੰਥੀ ਬਣ ਕੇ। ਕਾਰਣ, ਜੰਗ ਦੇ ਦੌਰਾਨ ਜਿਸ ਤਰ੍ਹਾਂ ਹਿਟਲਰੀ ਫੌਜਾਂ ਦੇ ਖਿਲਾਫ਼ ਸੋਵੀਅਤ ਲਾਲ-ਸੈਨਾ ਨੇ ਲੋਹਾ ਲਿਆ ਸੀ, ਉਸ 'ਤੇ ਦੁਨੀਆਂ ਅਸ਼-ਅਸ਼ ਕਰ ਉੱਠੀ ਸੀ। ਕੁਝ ਇਸ ਕਰਕੇ ਵੀ ਕਿ ਅਮਰੀਕਾ ਇੰਗਲੈਂਡ ਨੇ ਦੇਰ ਤੱਕ ਯੂਰਪ ਵਿਚ ਦੂਸਰਾ ਮੁਹਾਜ਼ ਨਹੀਂ ਸੀ ਖੋਲ੍ਹਿਆ ਜਿਸ ਨਾਲ ਸੋਵੀਅਤ ਸੰਘ ਉਪਰ ਬੋਝ ਕੁਝ ਹਲਕਾ ਹੁੰਦਾ, ਇਸ ਕਰਕੇ ਵੀ ਬੜੇ ਵਿਆਪਕ ਸਤਰ 'ਤੇ ਲੋਕਾਂ ਦੀ ਹਮਦਰਦੀ ਸੋਵੀਅਤ ਸੰਘ ਨਾਲ ਹੋਣ ਲੱਗ ਪਈ ਸੀ।

◆

ਗਰਮੀਆਂ ਦੇ ਮੌਸਮ ਵਿਚ ਸਾਡਾ ਪਰਿਵਾਰ ਕਸ਼ਮੀਰ ਚਲਾ ਜਾਂਦਾ ਸੀ। ਉਥੇ ਸਾਡਾ ਆਪਣਾ ਘਰ ਸੀ। ਇਸ ਵਾਰੀ ਵੀ ਬਲਰਾਜ ਜੀ ਦੇ ਆਉਣ ਤੇ ਅਸੀਂ ਕਸ਼ਮੀਰ ਚਲੇ ਗਏ। ਉਥੇ ਇਕ ਛੋਟੀ ਜਿਹੀ ਘਟਨਾ ਘਟੀ ਜਿਸ ਦਾ ਜ਼ਿਕਰ ਮੈਂ ਕਰਨਾ ਚਾਹੁੰਦਾ ਹਾਂ।

ਇਕ ਦਿਨ ਅਸੀਂ ਦੋਨਾਂ ਨੇ ਸਾਇਕਲਾਂ ਚੁੱਕੀਆਂ ਤੇ ਸ੍ਰੀਨਗਰ ਤੋਂ ਗੁਲਮਰਗ ਲਈ ਰਵਾਨਾ ਹੋ ਗਏ। ਦਿਨ ਭਰ ਗੁਲਮਰਗ ਦੀ ਸੈਰ ਕੀਤੀ, ਪਰ ਜਦ ਮੁੜਨ ਲੱਗੇ ਤਾਂ ਬਹੁਤ ਥੱਕੇ ਹੋਏ ਸਾਂ ਤੇ ਇਸ ਕਰਕੇ ਵਾਪਸ ਮੁੜਦਿਆਂ ਅਸੀਂ ਸਾਇਕਲਾਂ ਬੱਸ ਦੀ ਛੱਤ ਉਪਰ ਰਖ ਦਿੱਤੀਆਂ, ਬੱਸ ਵਿਚ ਬੈਠ ਗਏ।

ਬੱਸ ਖਚਾ-ਖਚ ਭਰੀ ਹੋਈ ਸੀ। ਸਾਨੂੰ ਬੱਸ ਦੇ ਪਿਛਲੇ ਹਿੱਸੇ ਵਿਚ ਬੈਠਣ ਦੀ ਜਗ੍ਹਾ ਮਿਲੀ ਜਿਥੇ ਬਹੁਤ ਸਾਰੇ ਮਿਹਨਤ-ਮਜ਼ਦੂਰੀ ਕਰਨ ਵਾਲੇ ਕਸ਼ਮੀਰੀ ਬੈਠੇ ਸਨ। ਇਸੇ ਬੱਸ ਵਿਚ ਉਹ ਘਟਨਾ ਘਟੀ। ਮੁਸਾਫਿਰਾਂ ਵਿਚੋਂ ਇਕ ਵੱਡੀ ਉਮਰ ਦਾ ਕਸ਼ਮੀਰੀ ਮਜ਼ਦੂਰ ਹੱਥ ਵਿਚ ਸੋਹਣਾ ਸਫੈਦ ਚੂਜ਼ਾ ਲਈ ਬੈਠਾ ਸੀ। ਜਦ ਬੱਸ ਸ੍ਰੀਨਗਰ ਦੇ ਨੇੜੇ ਪਹੁੰਚੀ ਤਾਂ ਇਕ ਜਗ੍ਹਾ ਚੂੰਗੀ ਘਰ ਦੇ ਸਾਹਮਣੇ ਖੜ੍ਹੀ ਹੋ ਗਈ। ਚੂੰਗੀ ਘਰ ਦਾ ਕਰਿੰਦਾ ਬੱਸ ਵੱਲ ਆਇਆ। ਉਸ ਨੂੰ ਵੇਖਦਿਆਂ ਹੀ ਬੁੱਢੇ ਕਸ਼ਮੀਰੀ ਨੇ ਆਪਣਾ ਚੂਜ਼ਾ ਆਪਣੀ ਲੋਈ ਵਿਚ ਛੁਪਾ ਲਿਆ ਤਾਂ ਕਿ ਚੂੰਗੀ ਕਰ ਨਾ ਦੇਣਾ ਪਵੇ। ਕਰਿੰਦਾ ਕੁਝ ਦੇਰ ਪੁੱਛਗਿੱਛ ਕਰਨ ਤੇ ਸੀਟਾਂ ਥੱਲੇ ਆਪਣਾ ਬੈਂਤ ਫੇਰਨ ਮਗਰੋਂ ਵਾਪਿਸ ਚੂੰਗੀ ਘਰ ਵੱਲ ਚਲਾ ਗਿਆ। ਬੱਸ ਫਿਰ ਰਵਾਨਾ ਹੋ ਗਈ।

ਪਰ ਬੱਸ ਅਜੇ ਦੂਰ ਨਹੀਂ ਸੀ ਗਈ ਜਦ ਬੱਸ ਵਿਚੋਂ ਉੱਚੀ-ਉੱਚੀ ਰੋਣ ਦੀ ਆਵਾਜ਼ ਆਈ। ਉਹ ਬੁੱਢਾ ਜ਼ੋਰ-ਜ਼ੋਰ ਦੀ ਰੋ ਰਿਹਾ ਸੀ। ਉਸਨੇ ਹੱਥ ਵਿਚ ਚੂਜ਼ਾ ਅਜੇ ਵੀ ਫੜਿਆ ਹੋਇਆ ਸੀ ਪਰ ਚੂਜ਼ਾ ਮਰ ਚੁੱਕਾ ਸੀ। ਲੋਈ ਦੀਆਂ ਤੈਆਂ ਵਿਚ ਚੂਜ਼ਾ ਦਮ ਤੋੜ ਗਿਆ ਸੀ।

ਇਹ ਘਟਨਾ ਸਾਡੇ ਦੋਨਾਂ ਦੇ ਅਹਿਸਾਸਾਂ ਨੂੰ ਟੁੰਬ ਗਈ। ❀

ਖਤ

ਸਾਡੇ ਫ਼ੈਜ਼ ਸਾਹਿਬ ਕਿੱਥੇ ਹਨ? ਕਿਤੇ ਮੱਖੀ ਬਣਾ ਕੇ ਡੱਬੀ ਵਿਚ ਤਾਂ ਨਹੀਂ ਬੰਦ ਕਰ ਲਿਆ। ਅਲਾਮਾ ਇਕਬਾਲ ਦੇ ਜਸ਼ਨ ਵਿਚ ਹਿੰਦੋਸਤਾਨ ਗਏ ਹੋਣਗੇ ਜਾਂ ਜਾ ਰਹੇ ਹੋਣਗੇ। ਨਾਮ ਸਾਡਾ ਵੀ ਇਕ ਖ਼ਬਰ ਵਿਚ ਪ੍ਰਕਾਸ਼ਤ ਹੋਇਆ ਹੈ। ਇਕ ਸੱਦਾ-ਪੱਤਰ ਵੀ ਇਸ ਸਬੰਧ ਵਿਚ ਪਾਕਿਸਤਾਨ ਤੋਂ ਘੁੰਮਦਾ ਘੁਮਾਉਂਦਾ ਇੱਥੇ ਪਹੁੰਚਿਆ ਹੈ ਪਰ ਅਸੀਂ ਕਿੱਥੇ ਜਾ ਸਕਦੇ ਹਾਂ। ਅਸੀਂ ਤਾਂ ਨਵੰਬਰ ਵਿਚ ਪਾਕਿਸਤਾਨ ਜਾਣ ਦਾ ਇਰਾਦਾ ਬਣਾ ਲਿਆ ਸੀ, ਪਰ ਇਸਲਾਮਾਬਾਦ ਐਜੂਕੇਸ਼ਨ ਮਨਿਸਟਰੀ ਨੇ ਹਾਂ ਜਾਂ ਨਾਂਹ ਵਿਚ ਜੁਆਬ ਹੀ ਨਹੀਂ ਦਿੱਤਾ। ਰਤਾ ਸ਼ਹਾਬ ਸਾਹਿਬ ਨੂੰ ਫੋਨ ਉੱਤੇ ਮੇਰੇ ਵੱਲੋਂ ਯਾਦ ਕਰਵਾਓ ਕਿ....ਕਿ ਫੋਨ ਕਰਕੇ ਜੁਆਬ ਭਿਜਵਾਣ।

ਹੋਰ ਤੁਹਾਡੇ ਸਿਵਿਲ ਅਤੇ ਮਿਲਟਰੀ ਦੋਸਤਾਂ ਦਾ ਕੀ ਹਾਲ ਹੈ? ਅਫ਼ਸੋਸ ਕਿ ਤੁਹਾਡਾ ਘਰ ਛੋਟਾ ਹੈ ਪਰ ਸਾਹਮਣੇ ਦਾ ਪਲਾਟ ਖ਼ਾਲੀ ਹੈ, ਉਥੇ ਸ਼ਾਮਿਆਨੇ ਲਗਵਾ ਕੇ ਹਰ ਰੋਜ਼ ਸਵੇਰ ਨੂੰ ਤੁਹਾਨੂੰ ਆਪਣਾ ਦਰਬਾਰ ਲਾਉਣਾ ਚਾਹੀਦਾ ਹੈ ਅਤੇ ਨਜ਼ਰਾਨੇ ਵਸੂਲ ਕਰਨੇ ਚਾਹੀਦੇ ਹਨ, ਸਿਰੋਪੇ ਤੇ ਇਨਾਮ ਵੰਡਣੇ ਚਾਹੀਦੇ ਹਨ। ਹੱਦ ਹੈ, ਇੰਨੇ ਦਿਨਾਂ ਤੋਂ ਉਹ ਥਾਂ ਖ਼ਾਲੀ ਹੈ ਅਤੇ ਤੁਸਾਂ ਲੋਕਾਂ ਨੇ ਇਸ 'ਤੇ ਕਬਜ਼ਾ ਕਰਕੇ ਇਸਨੂੰ ਕੱਚੀ ਆਬਾਦੀ ਨਹੀਂ ਬਣਾਇਆ। ਜੋ ਕਦੀ ਨਾ ਕਦੀ ਤਾਂ ਪੱਕੀ ਹੁੰਦੀ। ਇੰਨਾ ਸ਼ਰਨਾਰਥੀਪੁਣਾ ਤਾਂ ਆਉਣਾ ਚਾਹੀਦਾ ਹੈ। ਹੁਣ ਅਸੀਂ ਕਿਤੇ ਜਾਣਾ ਹੈ, ਤੁਹਾਡੇ ਦਰਵਾਜ਼ੇ 'ਤੇ ਵੀ ਕੋਈ ਘੰਟੀ ਵਜਾ ਰਿਹਾ ਹੋਣਾ ਹੈ। ਬਸ ਹਾਲ ਦੀ ਘੜੀ ਛੁੱਟੀ।

◆

ਫ਼ੈਜ਼ ਸਾਹਿਬ ਬਹੁਤ ਦਿਨਾਂ ਤੋਂ ਨਹੀਂ ਮਿਲੇ। ਕੀ ਅਹਿਮਦ ਫ਼ਰਾਜ਼ ਦੇ ਬਾਰੇ ਵਿਚ ਜੋ ਕੁਝ ਤੂੰ ਲਿਖਿਆ ਹੈ, ਠੀਕ ਹੈ? ਇੱਥੇ ਇਸ ਦੀ ਕੋਈ ਖ਼ਬਰ ਨਹੀਂ। ਹੁਣ ਤੇ ਸਭ ਛੱਡੇ ਜਾ ਰਹੇ ਹਨ।

ਪਿੰਡੀ ਦੀ ਗਰਮੀ ਦਾ ਬਲਕਿ ਪੂਰੇ ਪਾਕਿਸਤਾਨ ਦੀ ਗਰਮੀ ਦਾ ਸੁਣਦਾ ਹਾਂ ਤਾਂ ਦਿਲ ਤਰਾਹ-ਤਰਾਹ ਕਰਦਾ ਹੈ। ਇੱਥੇ ਅਜੇ ਦੋ ਕੰਬਲਾਂ ਅਤੇ ਅੰਗੀਠੀ ਦੀ ਰੁੱਤ ਹੈ। ਜੇ ਰੋਜ਼ ਨਹੀਂ ਤਾਂ ਥੋੜ੍ਹੇ ਜਿਹੇ ਛਿੱਟੇ ਪੈਣ ਨਾਲ ਮੌਸਮ ਖ਼ੁਸ਼ਗਵਾਰ ਹੋ ਜਾਂਦਾ ਹੈ। ਪਰ ਕੀ ਲਾਭ? ਜਦ ਤੀਕਰ ਬੁੱਕਲ ਵਿਚ ਚੋਰ ਨਾ ਹੋਵੇ। ਮੁਫ਼ਤੀ ਜੀ ਨੂੰ ਆਖੋ ਕਿ ਪਹਾੜਾਂ 'ਤੇ ਜ਼ਿਆਦਾ ਨਾ ਜਾਣ, ਨਹੀਂ ਤੇ ਆਪ ਪੱਥਰ ਹੋ ਜਾਣਗੇ ਜਾਂ ਕੁਲਫ਼ੀ ਜੰਮ ਜਾਏਗੀ।

ਸੁਣਿਆ ਹੈ, ਮੁਲਕ ਦੇ ਹਾਲਾਤ ਠੀਕ ਹੋ ਰਹੇ ਹਨ, ਮੁਬਾਰਕ, ਜੇ ਕੋਈ ਚੰਗਾ ਹੱਲ ਜੰਮ ਪਵੇ ਤਾਂ ਸਾਨੂੰ ਲੱਡੂ ਭੇਜਣੇ, ਇੰਨੇ ਕਿ ਮੁੱਕ ਨਾ ਸਕਣ।

ਸ਼ਹਾਬ ਸਾਹਿਬ ਨੂੰ ਫੜੋ, ਇਹਨਾਂ ਨਾਲ ਜਬਰਦਸਤੀ ਗੱਲਾਂ ਕਰੋ, ਫਲ ਸਾਨੂੰ ਪਹੁੰਚ ਜਾਏਗਾ। ਪਿੰਡੀ ਆਉਣ ਨੂੰ ਜੀਅ ਕਰਦਾ ਹੈ, ਪਰ ਇਸ ਵਾਰ ਇੰਟਰ ਕਾਨ ਦਾ ਖ਼ਰਚਾ ਕੌਣ ਦੇਵੇਗਾ। ਜੇ ਇਕਬਾਲ ਦੇ ਸ਼ਤਾਬਦੀ ਦਿਵਸ 'ਤੇ ਜੋ ਸ਼ਾਇਦ ਸਤੰਬਰ ਵਿਚ ਹੈ, ਆਉਣਾ ਵੀ ਹੋਇਆ ਤਾਂ ਉਹ ਲਾਹੌਰ ਵਿਚ ਹੋਵੇਗਾ। ਇਕਬਾਲ ਸਾਹਿਬ ਪਿੰਡੀ ਵਿਚ ਨਹੀਂ ਪੈਦਾ ਹੋ ਸਕਦੇ ਸਨ? ਖ਼ੈਰ, ਜੇ ਇਹਨਾਂ ਪੈਦਾ ਫ਼ੈਜ਼ ਸਾਹਿਬ ਦੇ ਵਤਨ ਵਿਚ ਹੀ ਹੋਣਾ ਸੀ, ਦਫ਼ਨ ਤਾਂ ਪਿੰਡੀ ਵਿਚ ਹੋ ਸਕਦੇ ਸਨ। ਇਹਨਾਂ ਦੇ ਇਸ ਕਾਰਨਾਮੇ ਨਾਲ ਸਾਡਾ ਭਲਾ ਹੋ ਜਾਂਦਾ।

ਇਥੇ ਮੇਰਾ ਘਰ ਹਾਰਲੇ ਸਟ੍ਰੀਟ ਦੇ ਬਿਲਕੁਲ ਨੇੜੇ ਹੈ ਪਰ ਅਫ਼ਸੋਸ ਕਿ ਲੰਦਨ ਦੀ ਹਾਰਲੇ ਸਟ੍ਰੀਟ ਹੈ ਨਕਲੀ।

ਪੁਸਤਕ 'ਫ਼ੈਜ਼ ਦੇ ਖਤ ਬੇਗਮ ਸਰਫ਼ਰਾਜ਼ ਇਕਬਾਲ ਦੇ ਨਾਂ' ਵਿਚੋਂ

◆

ਮੇਰੀ ਮਨਪਸੰਦ ਕਿਤਾਬ

'ਇਥੋਂ ਰੇਗਿਸਤਾਨ ਦਿੱਸਦਾ ਹੈ' / ਜਸਵੀਰ ਸਿੰਘ ਰਾਣਾ

ਜਸਵੀਰ ਸਿੰਘ ਰਾਣਾ ਕਹਾਣੀ ਵਿਚ ਵੱਡਾ ਨਾਮ ਹੈ, ਜਿੰਨਾਂ ਕੱਦ ਉਸਦਾ ਇੱਕ ਲੇਖਕ ਦੇ ਤੌਰ 'ਤੇ ਹੈ ਉਸ ਤੋਂ ਵੱਡਾ ਉਹ ਇਨਸਾਨ ਹੈ ਅਤੇ ਉਸ ਤੋਂ ਕਿਤੇ ਜ਼ਿਆਦਾ ਵੱਡੇ ਉਸਦੇ ਲੋਕਾਈ ਲਈ ਫ਼ਿਕਰ ਹਨ। ਉਹਨਾਂ ਫ਼ਿਕਰਾਂ ਵਿਚੋਂ ਹੀ ਇੱਕ ਵਿਲੱਖਣ ਸ਼ੈਲੀ ਰਾਹੀਂ ਨਿਕਲ ਕੇ ਆਇਆ ਹੈ, ਇਹ ਨਾਵਲ 'ਇੱਥੋਂ ਰੇਗਿਸਤਾਨ ਦਿਸਦਾ ਹੈ'। ਲੇਖਕ ਲਿਖਦਾ ਹੈ ਕਿ 'ਕਹਾਣੀ ਲਿਖਣਾ ਮੇਰਾ ਇਸ਼ਕ ਹੈ ਤੇ ਇਸ ਨਾਵਲ ਨੂੰ ਲਿਖਣਾ ਮੇਰੀ ਕਥਾ ਯਾਤਰਾ ਦਾ ਇਖਲਾਕੀ ਫਰਜ਼' ਤੇ ਇਸ ਫਰਜ਼ ਨੂੰ ਲੇਖਕ ਨੇ ਪੂਰੀ ਸ਼ਿੱਦਤ ਨਾਲ ਨਿਭਾਇਆ ਹੈ।

ਜਸਵੀਰ ਸਿੰਘ ਰਾਣਾ ਕੋਲ ਅਜਿਹੀ ਅੱਖ ਹੈ ਜੋ ਭਵਿੱਖ ਨੂੰ ਰੇਗਿਸਤਾਨ ਬਣਦਾ ਦੇਖ ਰਹੀ ਹੈ। ਇਹ ਅੱਖ ਹੋਰ ਲੋਕਾਂ ਕੋਲ ਵੀ ਹੈ ਪਰ ਜ਼ਿਆਦਾਤਰ ਲੋਕ ਇਸ ਅੱਖ ਨੂੰ ਬੰਦ ਰੱਖਦੇ ਹਨ, ਜਸਵੀਰ ਰਾਣਾ ਇਸ ਤਰ੍ਹਾਂ ਨਹੀਂ ਕਰਦਾ, ਉਹ ਆਪਣੀ ਖੁੱਲ੍ਹੀ ਅੱਖ ਨਾਲ ਰੇਗਿਸਤਾਨ ਨੂੰ ਦੇਖਦਾ ਵੀ ਹੈ ਅਤੇ ਸਾਨੂੰ ਦਿਖਾਉਂਦਾ ਵੀ ਹੈ।

ਇਸ ਨਾਵਲ ਦਾ ਵਿਸ਼ਾ-ਵਸਤੂ ਪੰਜਾਬੀ ਭਾਸ਼ਾ ਗੁਰਮੁਖੀ ਲਿਪੀ, ਪੰਜਾਬੀਅਤ, ਰਿਸ਼ਤੇ, ਸਾਡੀ ਸੰਵੇਦਨਾ, ਗੰਧਲੇ ਹੋਏ ਪੌਣ-ਪਾਣੀ, ਬਦਲ ਰਹੇ ਸਿੱਖਿਆ ਢਾਂਚੇ ਨੂੰ ਬਣਾਇਆ ਗਿਆ ਹੈ। ਸ਼ਬਦ, ਪੰਜਾਬੀਅਤ ਬਾਰੇ ਨਾਵਲ ਦਾ ਪਾਤਰ ਗੁਰਮੁੱਖ ਸਿੰਘ ਅਕਸਰ ਕਿਹਾ ਕਰਦਾ ਸੀ, "ਆਪਾਂ ਪੰਜਾਬ ਦੇ ਲੋਕ ਹਾਂ! ....ਉਸ ਪੰਜਾਬ ਦੇ ਲੋਕ, ਜਿਸ ਬਾਰੇ ਪ੍ਰੋ: ਪੂਰਨ ਸਿੰਘ ਨੇ ਕਿਹੈ ਕਿ ਪੰਜਾਬ ਵਸਦਾ ਗੁਰਾਂ ਦੇ ਨਾਂ 'ਤੇ! ...ਉਨ੍ਹਾਂ ਗੁਰਾਂ ਦੇ ਨਾਂ 'ਤੇ ਜਿੰਨਾਂ ਨੇ ਕਿਹਾ ਕਿ ਸ਼ਬਦ ਸਾਡਾ ਗੁਰੂ ਹੈ! ...ਸ਼ਬਦ ਸਾਡੀ ਸ਼ਕਤੀ ਹੈ! ...ਸ਼ਬਦ ਬਿਨਾਂ ਅਸੀਂ ਅਧੂਰੇ ਹਾਂ! ਸ਼ਬਦ ਸਾਨੂੰ ਪੂਰੇ ਕਰਦਾ ਹੈ...!"

ਇਹ ਗੁਰਮੁੱਖ ਸਿੰਘ ਜੋ ਸ਼ਬਦ ਵਿਚ ਇੱਕ ਬਿੰਦੀ ਦੀ ਗਲਤੀ ਵੀ ਬਰਦਾਸ਼ਤ ਨਹੀਂ ਕਰਦਾ ਸੀ, ਇੱਕ ਬਿੰਦੀ ਦੀ ਗ਼ਲਤੀ ਠੀਕ ਕਰਨ ਗਿਆ ਹੀ ਕਤਲ ਹੋ ਜਾਂਦਾ ਹੈ।

ਅੱਜ ਅਸੀਂ ਹਵਾ ਵਿਚ ਜ਼ਹਿਰ ਪੀ ਰਹੇ ਹਾਂ, ਜ਼ਹਿਰਾਂ ਬੀਜ ਰਹੇ ਹਾਂ, ਜ਼ਹਿਰਾਂ ਖਾ ਰਹੇ ਹਾਂ। ਵਾਤਾਵਰਣ ਨੂੰ ਬੁਰੀ ਤਰ੍ਹਾਂ ਪਲੀਤ ਕਰ ਰਹੇ ਹਾਂ, ਵਾਤਾਵਰਣ ਬਾਰੇ ਇੱਕ ਬਹੁਤ ਹੀ ਡਰਾਵਨਾ ਦ੍ਰਿਸ਼ ਲੇਖਕ ਸਿਰਜਦਾ ਹੈ।

ਖੇਤਾਂ ਵਿਚ ਲੱਗੀ ਫੈਕਟਰੀ ਚੱਲ ਰਹੀ ਹੈ। ਇਕ ਹੋਰ ਫੈਕਟਰੀ ਚੱਲ ਰਹੀ ਹੈ। ਇਕ ਹੋਰ... ਹੋਰ..... ਹੋਰ....। ਫੈਕਟਰੀਆਂ ਦਾ ਚਿੱਟਾ ਕਾਲਾ ਧੂੰਆਂ ਜ਼ਹਿਰ ਵਾਂਗ ਫੈਲ ਰਿਹਾ ਹੈ।

"ਕਿੰਨੀ ਖੱਖ ਚੜ੍ਹੀ ਪਈ ਐ ਸਾਲੀ! ...ਧੂਏਂ ਨਾਲ ਨ੍ਹੇਰ-ਗੁਬਾਰ ਹੋਇਆ ਪਿਆ ਹੈ...!" ਹਰ

ਸਾਲ ਜ਼ੀਰੀ ਦੇ ਕਰਚਿਆਂ ਨੂੰ ਅੱਗ ਲਾਉਣ ਵਾਲਾ ਹਰਦੇਵ ਤਾਇਆ ਫਿਰ ਮਾਚਿਸ ਚੁੱਕੀ ਖੜ੍ਹਾ ਹੈ।

ਉਸ ਦੀ ਨਜ਼ਰ ਅਸਮਾਨ ਉਪਰ ਟਿਕੀ ਹੋਈ ਹੈ। ਅਸਮਾਨ ਵਿਚ ਧੂੰਆਂ ਇਕੱਠਾ ਹੁੰਦਾ ਜਾ ਰਿਹਾ ਹੈ।

ਸੜਕ ਤੋਂ ਲੰਘੇ ਜਾਂਦੇ ਵਹੀਕਲਾਂ ਦਾ ਧੂੰਆਂ ਹਵਾ ਵਿਚ ਰਲਦਾ ਜਾ ਰਿਹਾ ਹੈ।

* * *

ਧੂੰਏ ਦਾ ਜ਼ਹਿਰ ਹਵਾ ਦੀ ਨਸ-ਨਸ ਵਿਚ ਫੈਲ ਗਿਆ ਹੈ। ਅਸਮਾਨ ਵਿਚ ਬੱਦਲ ਗਰਜਣ ਲੱਗੇ ਹਨ।

"ਲੱਗਦੈ ਅੱਜ ਮੀਂਹ ਪਊ...!" ਖੇਤਾਂ ਵਿਚ ਮੱਚਦੀ ਅੱਗ ਵੱਲ ਵੇਖ ਹਰਦੇਵ ਤਾਇਆ ਹਾੜ ਵਾਂਗ ਬੋਲਿਆ ਹੈ।

ਉਸ ਦੇ ਬੋਲਣ ਨਾਲ ਮੀਂਹ ਪੈਣ ਲੱਗਾ ਹੈ। ਸਿਰ 'ਤੇ ਪੱਲੀ ਲੈ ਉਹ ਪਿੰਡ ਵੱਲ ਨੂੰ ਭੱਜ ਲਿਆ ਹੈ। ਮੀਂਹ ਦੇ ਛੜਾਕੇ ਨੇ ਉਸ ਦੀ ਪੱਲੀ ਪਾੜ ਦਿੱਤੀ ਹੈ। ਉਸ ਦਾ ਜਿਸਮ ਮੱਚਣ ਲੱਗਾ ਹੈ। ਉਹ ਭੱਜ ਕੇ ਰੁੱਖਾਂ ਹੇਠ ਜਾ ਖੜ੍ਹਿਆ ਹੈ। ਕਿਸੇ ਵੀ ਰੁੱਖ 'ਤੇ ਕੋਈ ਪੱਤਾ ਨਹੀਂ। ਪਸ਼ੂ, ਪੰਛੀ, ਬਨਸਪਤੀ। ਮੀਂਹ ਦੀਆਂ ਬੂੰਦਾਂ ਨਾਲ ਸਭ ਕੁਝ ਝੁਲਸਦਾ ਜਾ ਰਿਹਾ ਹੈ।

* * *

"ਇਹ ਕਿਹਾ ਜਿਆ ਮੀਂਹ ਤੀ ਸਾਲਾ.....!" ਮੀਂਹ ਨਾਲ ਝੁਲਸੇ ਜਿਸਮ ਦੇ ਜ਼ਖ਼ਮਾਂ ਉਪਰ ਫੂਕਾਂ ਮਾਰਦਾ ਹੋਇਆ ਹਰਦੇਵ ਤਾਇਆ ਬੋਲਿਆ ਹੈ।

ਉਸ ਦੀ ਦਰਦ ਭਿੱਜੀ ਅਵਾਜ਼ ਸੁਣ ਕੋਈ ਹੋਰ ਬੋਲਿਆ ਹੈ, "ਇਹ ਤੇਜ਼ਾਬੀ ਮੀਂਹ ਸੀ ਤਾਇਆ....।"

ਨਵੇਂ ਮੀਂਹ ਦਾ ਨਾਂ ਸੁਣ ਪਿੰਡ ਵਿਚ ਸੁੰਨ ਵਰਤ ਗਈ ਹੈ।

ਜਸਵੀਰ ਰਾਣਾ ਇਸ ਸੁੰਨ ਨੂੰ ਸਾਡੇ ਸਾਹਮਣੇ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ ਜੋ ਭਵਿੱਖ 'ਚ ਸਾਡੀ ਜ਼ਿੰਦਗੀ ਵਿਚ ਫੈਲਣੀ ਹੈ, ਜਦੋਂ ਸਾਡੀ ਮਾਂ ਬੋਲੀ, ਸਾਡਾ ਸੱਭਿਆਚਾਰ, ਪੌਣ-ਪਾਣੀ ਸਾਡੇ ਹੱਥੋਂ ਰੇਤ ਵਾਂਗ ਕਿਰ ਜਾਣਾ ਹੈ ਤੇ ਚਾਰੇ ਪਾਸੇ ਸਾਡੀ ਜ਼ਿੰਦਗੀ ਵਿਚ ਰੇਗਿਸਤਾਨ ਦੀ ਤਰ੍ਹਾਂ ਉਜਾੜ ਪਸਰ ਜਾਣਾ ਹੈ।

ਇਹ ਨਾਵਲ ਮੈਨੂੰ ਪੜ੍ਹੇ ਗਏ ਹੁਣ ਤੱਕ ਦੇ ਨਾਵਲਾਂ ਤੋਂ ਅਲੱਗ ਲੱਗਿਆ, ਇਸ ਲਈ ਇਹ ਮੇਰਾ ਮਨਪਸੰਦ ਨਾਵਲ ਹੈ। ਇਸ ਵਿਚ ਰਵਾਇਤੀ ਕਹਾਣੀ ਨਹੀਂ ਚਲਦੀ। ਕਹਾਣੀ ਦੇ ਨਾਮ 'ਤੇ ਦੋ ਧਿਰਾਂ ਹਨ ਇੱਕ ਧਿਰ ਉਹ ਜੋ ਮਾਂ ਬੋਲੀ ਤੋਂ ਮੁਨਕਰ ਹੋ ਰਹੀ ਹੈ ਅਤੇ ਇੰਗਲਿਸ਼ ਨੂੰ ਹੀ ਆਪਣੀ ਤਰੱਕੀ ਦਾ ਰਾਹ ਸਮਝਦੀ ਹੈ। ਉਸਨੂੰ ਵਾਤਾਵਰਣ ਨਾਲ ਕੋਈ ਸਰੋਕਾਰ ਨਹੀਂ, ਆਪਣੇ ਮੁਨਾਫ਼ੇ ਲਈ ਉਹ ਇਸ ਨੂੰ ਕਿਸੇ ਹੱਦ ਤੱਕ ਵੀ ਕੁਚਲ ਸਕਦੀ ਹੈ। ਉਸਦਾ ਮਕਸਦ ਏਥੋਂ ਸਭ ਕੁੱਝ ਵੇਚ ਵੱਟ ਕੇ ਬਾਹਰਲੇ ਮੁਲਕ ਵਿਚ ਸਥਾਪਿਤ ਹੋਣ ਦਾ ਹੈ। ਪਰ ਇਹ ਸਥਾਪਤੀ ਵੀ ਉਸਦਾ ਭਰਮ ਹੀ ਹੋ ਗੁਜ਼ਰਦੀ ਕਿਉਂਕਿ ਜਿਸ ਕੀਮਤ 'ਤੇ ਉਹ ਇਹ ਸਭ ਹਾਸਿਲ ਕਰਨਾ ਚਾਹੁੰਦੀ ਹੈ, ਉਸ ਕੀਮਤ ਤੋਂ ਬਾਅਦ ਉਸ ਕੋਲ ਕੁੱਝ ਵੀ ਨਹੀਂ ਬਚਦਾ।

ਉਹਨਾਂ ਬਾਰੇ ਨਾਵਲ 'ਚ ਇੱਕ ਜਗ੍ਹਾ ਲਿਖਿਆ ਹੈ ਕਿ 'ਉਹਨਾਂ ਦੀ ਜੀਵਨ-ਲੀਲਾ ਮੇਰੇ ਪੁਰਖਿਆਂ ਦੀ ਜੀਵਨ ਝਾਕੀ ਉੱਪਰ ਕਾਟੀ ਮਾਰਦੀ ਹੈ।' ਇਹ ਕਾਟੀ ਮਾਰਨਾ ਹੀ ਵੱਡਾ ਦੁਖਾਂਤ ਹੈ।

ਦੁਸਰੀ ਧਿਰ ਉਹ ਹੈ ਜੋ ਆਪਣੀ ਮਾਂ ਬੋਲੀ, ਵਾਤਾਵਰਣ ਨੂੰ ਨਾਲ ਲੈ ਕੇ ਤਰੱਕੀ ਕਰਨੀ

ਚਾਹੁੰਦੀ ਹੈ ਉਸ ਕੋਲ ਸੰਜਮ ਹੈ, ਸਹਿਜਤਾ ਹੈ ਤੇ ਮਕਸਦ ਹੈ ਕਿਉਂਕਿ ਉਸ ਕੋਲ ਉਹ ਅੱਖ ਹੈ ਜੋ ਭਵਿੱਖ ਦੇ ਰੇਗਿਸਤਾਨ ਨੂੰ ਦੇਖ ਸਕਦੀ ਹੈ ਤੇ ਉਹ ਜਜਬਾ ਹੈ ਜੋ ਇਸ ਰੇਗਿਸਤਾਨ ਨੂੰ ਹਰਿਆਲੀ ਵਿਚ ਬਦਲ ਸਕਦਾ ਹੈ। ਇਹ ਧਿਰ ਆਧੁਨਿਕ ਸੂਚਨਾ ਤਕਨਾਲੋਜੀ ਨੂੰ ਵਰਤਦੀ ਹੋਈ ਵੀ ਆਪਣੀ ਸਿਆਣਪ, ਵਿਜਡਮ ਨਹੀਂ ਛੱਡਦੀ ਤੇ ਸਾਡੇ ਸਮਾਜ ਸਾਹਮਣੇ ਇੱਕ ਹੋਰ ਚੁਣੌਤੀ ਜੋ ਖਤਮ ਹੋ ਰਹੀ ਸੰਵੇਦਨਸ਼ੀਲਤਾ ਰੂਪ 'ਚ ਹੈ, ਨੂੰ ਬਚਾਈ ਰੱਖਦੀ ਹੈ।

ਲੇਖਕ ਕਹਾਣੀ ਨੂੰ, ਆਪਣੇ ਫਿਕਰਾਂ ਨੂੰ ਤੋਰਨ ਲਈ ਵਿਲੱਖਣ ਸ਼ੈਲੀ ਵਰਤਦਾ ਹੈ, ਉਹ ਵਟਸਅਪ ਮੈਸੈਜ ਦਾ ਸਹਾਰਾ ਲੈ ਕੇ, ਖ਼ਤਾਂ ਰਾਹੀਂ, ਫਿਲਮੀ ਦ੍ਰਿਸ਼ਾਂ ਰਾਹੀਂ, ਟੀ.ਵੀ. ਦੀ ਮਸ਼ਹੂਰੀ, ਸੋਸ਼ਲ ਮੀਡੀਆ, ਸੁਪਨਿਆਂ ਰਾਹੀਂ ਆਪਣੀ ਗੱਲ ਰੱਖਦਾ ਹੈ। ਲੇਖਕ ਬਹੁਤ ਸਾਰੀਆਂ ਅਕਾਊ ਗੱਲ਼ਾਂ ਜਿੰਨਾਂ ਉੱਪਰ ਕਿਹਾ ਜਾਂਦਾ ਹੈ, ਲੇਖ ਵਗੈਰਾ ਹੀ ਲਿਖੇ ਜਾ ਸਕਦੇ ਹਨ, ਨੂੰ ਆਪਣੀਆਂ ਕਲਾਤਮਕ ਜੁਗਤਾਂ ਰਾਹੀਂ ਇਸ ਤਰ੍ਹਾਂ ਪਾਠਕ ਦੇ ਸਾਹਮਣੇ ਰੱਖਦਾ ਹੈ ਕਿ ਉਹ ਉਸ ਨੂੰ ਦਿਲਚਸਪ ਲੱਗਣ ਲੱਗ ਪੈਂਦੀਆਂ ਹਨ।

ਲੇਖਕ ਸਵਾਲ ਉਠਾਉਂਦਾ ਹੈ ਜੇਕਰ ਡਾਕਟਰੀ ਦੀ ਪੜ੍ਹਾਈ, ਇੰਜੀਨੀਅਰਿੰਗ ਦੀ ਪੜ੍ਹਾਈ ਮਾਂ ਬੋਲੀ 'ਚ ਹੋਵੇ ਤਾਂ ਅਸੀਂ ਹੋਰ ਵੀ ਕਾਬਲ ਡਾਕਟਰ, ਇੰਜੀਨੀਅਰ ਪੈਦਾ ਕਰ ਸਕਦੇ ਹਾਂ। ਅਦਾਲਤੀ ਕਾਰਵਾਈ ਮਾਂ-ਬੋਲੀ 'ਚ ਹੋਵੇ ਤਾਂ ਭਾਸ਼ਾ ਦੀ ਨਾ ਸਮਝ ਹੋਣ ਕਾਰਣ ਨਿਰਦੋਸ਼ ਬੰਦੇ ਖੁਦ ਨੂੰ ਠੱਗੇ ਹੋਏ ਮਹਿਸੂਸ ਨਾ ਕਰਨ।

ਇਹ ਸਭ ਦੱਸਣ ਲਈ ਲੇਖਕ ਦ੍ਰਿਸ਼ ਸਿਰਜਦਾ ਹੈ ਜਿਸ ਲਈ ਪਾਠਕ ਨੂੰ ਕਿਤੇ ਵੀ ਉਕਤਾ ਮਹਿਸੂਸ ਨਹੀਂ ਹੁੰਦਾ ਸਗੋਂ ਉਸ ਸਥਿਤੀ ਦੀ ਭਿਆਨਕਤਾ ਨੂੰ ਉਹ ਖੁਦ ਮਹਿਸੂਸ ਕਰਦਾ ਲੱਗਦਾ ਹੈ:-

"ਚੱਲ! ...ਅੰਦਰ ਚੱਲ! ...ਮੈਡੀਕਲ ਦੀ ਪੜ੍ਹਾਈ ਐ ਇਹ! ...ਇਹ ਐਂ ਸਿਰ ਫੜ੍ਹਨ ਨਾਲ ਪੂਰੀ ਨਹੀਂ ਹੋਣੀ!...ਯਾਦ ਰੱਖ ਜੇ ਡਾਕਟਰ ਨਾ ਬਣ ਸਕਿਆ ਤਾਂ..."। ਪੁੱਤ ਨੂੰ ਧਮਕੀ ਦਿੰਦਾ ਹੋਇਆ ਬਾਪ ਉਸਨੂੰ ਘਰ ਅੰਦਰ ਲੈ ਵੜਿਆ ਹੈ।

* * *

ਸਵੇਰ ਦਾ ਸਮਾਂ ਹੈ। ਘਰ ਵਿਚੋਂ ਰੋਣ ਦੀਆਂ ਅਵਾਜ਼ਾਂ ਆ ਰਹੀਆਂ ਹਨ। ਮੁੰਡੇ ਨੇ ਰਾਤ ਖੁਦਕੁਸ਼ੀ ਕਰ ਲਈ ਹੈ। ਲਾਸ਼ ਬੈੱਡ 'ਤੇ ਪਈ ਹੈ। ਉਸਦੇ ਸਿਰ ਹੇਠੋਂ ਇਕ ਪਰਚੀ ਨਿਕਲੀ ਹੈ। ਉਸ 'ਤੇ ਪੰਜਾਬੀ ਵਿਚ ਲਿਖਿਆ ਹੋਇਆ ਹੈ:- ਮੈਨੂੰ ਅੰਗਰੇਜ਼ੀ ਵਿਚ ਮੈਡੀਕਲ ਦੀਆਂ ਕਿਤਾਬਾਂ ਸਮਝ ਨਹੀਂ ਆਉਂਦੀਆਂ ਸਨ...!

ਇੱਕ ਹੋਰ ਦ੍ਰਿਸ਼-

ਇਕ ਕੁੜੀ ਮਰਦ-ਸ਼ੁਮਾਰੀ ਲਈ ਘਰ-ਘਰ ਫਿਰ ਰਹੀ ਹੈ। ਅਗਲਾ ਘਰ ਪਿਛਲੇ ਘਰ ਦਾ ਹੀ ਬਟਵਾਰਾ ਹੈ। ਉਸ ਘਰ ਦੇ ਬੰਦੇ ਔਰਤਾਂ ਆਪਣੀ ਮਾਤ ਭਾਸ਼ਾ ਵਾਲਾ ਖਾਨਾ ਭਰਵਾ ਰਹੇ ਹਨ, "ਮੇਰੀ ਮਾਂ ਬੋਲੀ ਹਿੰਦੀ ਲਿਖ!.... ਨਾ ਨਾ ਮੇਰੀ ਮਾਂ ਬੋਲੀ ਅੰਗਰੇਜ਼ੀ ਲਿਖ!...ਬੱਚਿਆਂ ਦੀ ਮਾਂ ਬੋਲੀ...!"

"ਪਰ ਪਿਛਲੇ ਘਰ ਤੁਹਾਡੀ ਮਾਂ ਨੇ ਤਾਂ ਪੰਜਾਬੀ ਲਿਖਵਾਈ ਐ..."। ਦੋਵਾਂ ਘਰਾਂ ਦਾ ਰਿਸ਼ਤਾ ਜੋੜਦੀ ਹੋਈ ਕੁੜੀ ਸੋਚੀਂ ਪੈ ਗਈ ਹੈ।

ਉਸਦੀ ਗੱਲ ਸੁਣ ਇਕ ਬੰਦੇ ਨੇ ਪਿਛਲੇ ਘਰ ਦੀ ਕੰਧ ਵਿਚ ਇੱਟ ਮਾਰੀ ਹੈ।

ਵਾਤਾਵਰਣ ਨਾਲ ਹੋ ਰਹੀ ਛੇੜਛਾੜ ਬਾਰੇ ਲੇਖਕ ਉਸਦੇ ਨਤੀਜਿਆਂ ਦੀ ਭਿਆਨਕਤਾ

ਬਾਰੇ ਦੱਸਦਾ ਹੋਇਆ ਪਿਛਲੇ ਸਮੇਂ ਵਿਚ ਕੇਦਾਰਨਾਥ ਵਿਖੇ ਹੋਏ ਹਾਦਸੇ ਦਾ ਦ੍ਰਿਸ਼ ਸਿਰਜਦਾ ਹੈ।

ਪ੍ਰਦੀਪ ਮੋਦੀ ਜੋ ਲੱਕੜ ਦਾ ਬਹੁਤ ਵੱਡਾ ਵਪਾਰੀ ਹੈ ਜੋ ਆਪਣੇ ਮੁਨਾਫੇ ਲਈ ਧੜਾਧੜ ਰੁੱਖਾਂ ਨੂੰ ਵੱਢਦਾ ਹੈ। ਇਸ ਹਾਦਸੇ 'ਚ ਫਸ ਜਾਂਦਾ ਹੈ। ਉਸਦੇ ਪੈਰਾਂ ਹੇਠਲੀ ਧਰਤੀ ਫਟ ਜਾਂਦੀ ਹੈ। ਉਸਦਾ ਹੱਥ ਇੱਕ ਦਰੱਖਤ ਨੂੰ ਪੈ ਜਾਂਦਾ ਹੈ। ਉਹ ਲਟਕਦਾ ਹੋਇਆ ਚੀਕਾਂ ਮਾਰ ਰਿਹਾ ਹੈ। ਫ਼ੌਜੀਆਂ ਦਾ ਬਚਾਓ ਦਸਤਾ ਹੈਲੀਕਾੱਪਟਰ ਵਿਚ ਘੁੰਮ ਰਿਹਾ ਹੈ ਜਦੋਂ ਉਹ ਪ੍ਰਦੀਪ ਮੋਦੀ ਨੂੰ ਲੈ ਕੇ ਉੱਡ ਜਾਂਦੇ ਹਨ ਤਾਂ ਮੋਦੀ ਨੂੰ ਬਚਾਉਣ ਵਾਲਾ ਰੁੱਖ ਵੀ ਸ਼ੂਕਦੇ ਪਾਣੀ ਵਿਚ ਡਿੱਗ ਪੈਂਦਾ ਹੈ।

ਕੁਦਰਤ ਅੰਤ ਤੱਕ ਸਾਡੀ ਰੱਖਿਆ ਕਰਦੀ ਹੈ ਪਰ ਅਸੀਂ ਉਸ ਨਾਲ ਕੀ ਕਰਦੇ ਹਾਂ? ਇਸ ਸਵਾਲ ਨੂੰ ਇਹ ਨਾਵਲ ਸਾਡੇ ਸਨਮੁੱਖ ਖੜ੍ਹਾ ਕਰਦਾ ਹੈ ਅਤੇ ਦੱਸਦਾ ਹੈ ਕਿ ਇਹ ਦ੍ਰਿਸ਼ ਸਾਡੇ ਆਲੇ-ਦੁਆਲੇ ਵਾਪਰ ਰਹੇ ਹਨ ਤੇ ਇਸ ਤੋਂ ਭਿਆਨਕ ਅਸੀਂ ਦੇਖਣੇ ਹਨ।

ਨਾਵਲ ਵਿਚ ਕਹੇ ਨਾਲੋਂ ਅਣਕਿਹਾ ਬਹੁਤ ਜਿਆਦਾ ਹੈ ਜੋ ਪੰਜਾਬ ਦੇ ਮੌਜੂਦਾ ਹਾਲਾਤਾਂ ਨੂੰ ਅਤੇ ਭਵਿੱਖ ਨੂੰ ਸਾਡੇ ਸਾਹਮਣੇ ਪੇਸ਼ ਕਰਦਾ ਹੈ ਜਿਵੇਂ:-

1. ਅੱਜ ਕੱਲ੍ਹ ਸੰਚਾਰ ਦੇ ਸਾਧਨ ਤਾਂ ਬਹੁਤ ਆ ਗਏ ਹਨ !... ਪਰ ਸੰਚਾਰ ਬੰਦ ਹੋ ਗਿਆ ਹੈ।
2. ਪਾਣੀ ਨਾਲ ਮਰੀ ਖੇਤੀ ਪਾਣੀ ਨਾਲ ਹੀ ਹਰੀ ਹੁੰਦੀ ਹੈ।
3. ਘਰਾਂ ਵਿੱਚ ਕੱਪੜੇ ਟੰਗਣ ਵਾਲੀਆਂ ਕਿੱਲੀਆਂ ਉੱਪਰ ਮੂੰਹ 'ਤੇ ਲਾਉਣ ਵਾਲੇ ਮਾਸਕ ਲਟਕ ਰਹੇ ਹਨ।
4. ਲੋਕਾਂ ਵਿਚ ਹਲਚਲ ਹੋਈ ਹੈ। ਗੈਸ ਸਿਲੰਡਰਾਂ ਵਾਲੀ ਟਰਾਲੀ ਖ਼ਾਲੀ ਹੋ ਗਈ ਹੈ। ਪਿੱਠਾਂ ਉੱਪਰ ਸਿਲੰਡਰ ਟੰਗੀ। ਮੂੰਹਾਂ ਉੱਪਰ ਮਾਸਕ ਲਾਈਂ। ਲੋਕਾਂ ਦੀ ਭੀੜ ਲੰਬੇ-ਲੰਬੇ ਸਾਹ ਲੈਣ ਲੱਗੀ ਹੈ।
5. ਸਾਰਿਆਂ ਦੇ ਲਹੂ ਅੰਦਰ ਕੀਟਨਾਸ਼ਕ ਘੁਲ ਚੁੱਕੇ ਹਨ।
6. ਮਾਂ ਦਾ ਦੁੱਧ ਪੀਣ ਨਾਲ ਬੱਚਾ ਮਰ ਗਿਆ। ਮਾਂ ਦੇ ਦੁੱਧ ਵਿਚ ਖਤਰਨਾਕ ਜ਼ਹਿਰ ਪਾਇਆ ਗਿਆ।
7. ਮੈਂ ਭਾਵੇਂ ਤੁਹਾਡੀ ਗੱਲ ਨਾਲ ਸਹਿਮਤ ਨਹੀਂ !...ਪਰ ਤੁਹਾਨੂੰ ਆਪਣੀ ਗੱਲ ਕਹਿਣ ਦਾ ਪੂਰਾ ਹੱਕ ਹੈ ! ...ਤੇ ਤੁਹਾਡੇ ਇਸ ਹੱਕ ਦੀ ਰਾਖੀ ਲਈ ਮੈਂ ਆਪਣੀ ਜਾਨ ਵੀ ਦੇ ਸਕਦਾ ਹਾਂ.... !
8. ਫੋਨ-ਮੈਸਿਜ਼ ਰਾਹੀਂ ਖ਼ਤ ਦਾ ਜਵਾਬ ਦੇਣਾ ਖ਼ਤ ਦੀ ਤੌਹੀਨ ਹੁੰਦੀ ਹੈ।

ਹੋਰ ਵੀ ਬਹੁਤ ਕੁੱਝ ਹੈ ਇਸ ਨਾਵਲ ਵਿਚ ਜੋ ਸਾਨੂੰ ਫਿਰ ਤੋਂ ਸੋਚਣ ਲਈ ਮਜ਼ਬੂਰ ਕਰਦਾ ਹੈ। ਮੁਨਾਫੇ, ਅਧੁਨਿਕਤਾ ਦੀ ਅੰਨੀ ਦੌੜ ਮਨੁੱਖਤਾ ਨੂੰ ਕਿਸ ਅੰਤ ਵੱਲ ਲੈ ਜਾਂਦੀ ਹੈ ਇਸ ਨਾਵਲ ਵਿਚ ਬਾਖੂਬੀ ਚਿਤਰਿਆ ਗਿਆ ਹੈ। ਬਹੁਤ ਸਾਰੇ ਬਦਲਾਵ, ਹੱਲ ਸਾਡੇ ਸਾਹਮਣੇ ਰੱਖੇ ਗਏ ਹਨ ਹੋਰ ਬਹੁਤ ਕੁੱਝ ਨਿੱਕੇ ਤੋਂ ਨਿੱਕਾ ਹੈ ਜੋ ਵੱਡੀ ਤੋਂ ਵੱਡੀ ਮਹੱਤਤਾ ਰੱਖਦਾ ਹੈ ਜਿਸਨੂੰ ਪੜ੍ਹ ਕੇ ਹੀ ਮਾਣਿਆ ਜਾ ਸਕਦਾ ਹੈ।

ਅੰਤ ਵਿਚ ਇਹੋ ਕਹਾਂਗਾ ਕਿ ਇਹ ਨਾਵਲ ਚੱਲ ਰਹੇ ਵਰਤਮਾਨ ਪਸਾਰੇ ਉੱਪਰ ਚਿੰਤਨ ਕਰਦਾ ਹੈ, ਭਵਿੱਖ ਲਈ ਸਾਨੂੰ ਚਿੰਤਤ ਕਰਦਾ ਹੈ ਅਤੇ ਇਸ ਵਿਰੁੱਧ ਲੜਨ ਲਈ ਚੇਤਨ ਕਰਦਾ ਹੈ। ਸਾਡੀ ਪੀੜ੍ਹੀ ਨੂੰ ਆਪਣੇ ਲਈ ਆਪਣੇ ਬੱਚਿਆਂ ਲਈ ਇਸ ਨਾਵਲ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ।

-ਕੁਲਵਿੰਦਰ ਕੌਸ਼ਲ

ਮੇਰੀ ਕਹਾਣੀ ਦੇ ਪਾਤਰ

ਜ਼ਿੰਦਗੀ ਨੂੰ ਜ਼ਿੰਦਾਬਾਦ ਰੱਖਣ ਵਾਲੇ ਪਾਤਰ
'ਰਿਸ਼ਤਿਆਂ ਦੀ ਬੁਨਿਆਦ' ਦਾ ਪਾਤਰ ਰਾਮਪਾਲ

ਜ਼ਿੰਦਗੀ 'ਚ ਵਿਚਰਦਿਆਂ ਇੱਕਾ ਦੁੱਕਾ ਘੱਟਨਾਵਾਂ ਮਨੁੱਖ ਨੂੰ ਤੰਗ ਕਰਨ ਲੱਗ ਪੈਂਦੀਆਂ ਹਨ। ਕਈ ਵਾਰ ਸੰਵੇਦਨਾਵਾਂ ਐਨੀਆਂ ਉਤੇਜਿਤ ਹੋ ਜਾਂਦੀਆਂ ਨੇ ਕਿ ਅਸੀਂ ਚਾਹੁੰਦੇ ਹੋਏ ਵੀ ਇਸ ਘਟਨਾ ਦੀ ਯਾਦ ਨੂੰ ਵਿਸਾਰ ਨਹੀਂ ਸਕਦੇ। ਇੱਕ ਲੇਖਕ ਕੋਲ ਸਬਦਾਂ ਦੇ ਰਾਹੀਂ ਰਚਨਾ ਸਿਰਜ ਕੇ ਪਾਠਕਾਂ ਦੇ ਸਨਮੁੱਖ ਕਰਨ ਦਾ ਇੱਕ ਸਾਰਥਕ ਤਰੀਕਾ ਹੈ।

ਆਲੇ ਦੁਆਲੇ ਸਾਨੂੰ ਕੁਝ ਕੁ ਵਿਅਕਤੀ ਵਿਸ਼ੇਸ ਤੌਰ ਤੇ ਪ੍ਰਭਾਵਿਤ ਕਰਦੇ ਨੇ। ਅਜਿਹੇ ਲੋਕ ਕਾਰਜਸ਼ੀਲਤਾ ਵਿਚ ਬੇਪਰਵਾਹ ਮਸਤ ਮੌਲਾ ਹੋ ਕੇ ਵਿਚਰਦਿਆਂ ਬਹੁਤਿਆਂ ਲਈ ਰੜਕਦੇ ਰਹਿੰਦੇ ਨੇ। ਮੇਰੀਆਂ ਮਿੰਨੀ ਕਹਾਣੀਆਂ ਦੇ ਪਾਤਰ ਜਿਆਦਾਤਰ ਇਸ ਕਿਸਮ ਦੇ ਇਨਸਾਨ ਬਣਦੇ ਹਨ। ਮੇਰੀਆਂ ਮਿੰਨੀ ਕਹਾਣੀਆਂ ਦੇ ਪਾਤਰ ਅਣਖੀਲੇ ਤੇ ਮੌਕਾ ਪ੍ਰਸਤੀ ਤੋਂ ਕੋਹਾਂ ਦੂਰ ਤੇ ਹਾਲਾਤ ਨਾਲ ਸਮਝੌਤਾ ਨਾ ਕਰਨ ਵਾਲੀ ਸਾਵੀਂ ਜ਼ਿੰਦਗੀ ਜਿਉਂਦੇ ਦਿਖਾਈ ਦਿੰਦੇ ਹਨ। ਕਿਸੇ ਦੀ ਹਮਦਰਦੀ ਦਾ ਪਾਤਰ ਬਨਣਾ ਉਨ੍ਹਾਂ ਨੂੰ ਚੰਗਾ ਨਹੀਂ ਲਗਦਾ।

'ਰਿਸ਼ਤਿਆਂ ਦੀ ਬੁਨਿਆਦ' ਮੇਰੀ ਮਿੰਨੀ ਕਹਾਣੀ ਦਾ ਮੁੱਖ ਪਾਤਰ ਰਾਮਪਾਲ (ਕਾਲਪਨਿਕ ਨਾਮ) ਸਾਰੀ ਜ਼ਿੰਦਗੀ ਅਪਣੀ ਹੀ ਧੁਨ ਵਿਚ ਮਸਤ ਰਹਿੰਦਾ ਹੈ। ਪਰਿਵਾਰ ਲਈ ਹਰ ਸੁੱਖ ਸਹੂਲਤ ਦੇਣ ਲਈ ਭੁੱਖਾ ਤਿਹਾਇਆ ਵੀ ਕੱਟਦਾ ਰਿਹੈ। ਅਨੇਕਾਂ ਵਾਰ ਨਾਲ ਦੇ ਸਾਥੀਆਂ ਨੇ ਵਰਜਿਆ, ਸਮਝਾਇਆ ਪਰ ਉਸ ਨੇ ਉਹੀ ਕੀਤਾ ਜੋ ਉਸਨੂੰ ਚੰਗਾ ਲੱਗਿਆ। ਅਪਣੀ ਘੱਟ ਆਮਦਨ ਹੋਣ ਦੇ ਬਾਵਜੂਦ ਵੀ ਬੱਚਿਆਂ ਨੂੰ ਕਦੀ ਉਣਾ ਨਹੀਂ ਮਹਿਸੂਸ ਹੋਣ ਦਿੱਤਾ। ਜ਼ਿੰਦਗੀ ਵਿਚ ਘੱਟਾ ਢੋਣਾ ਜਿਵੇਂ ਉਸਦੀ ਆਦਤ ਜਿਹੀ ਬਣ ਗਈ ਹੋਵੇ। ਪੁਰਾਣੇ ਸਾਈਕਲ ਤੇ ਦਫ਼ਤਰ ਜਾਣਾ। ਮਹਿਕਮੇਂ ਦੀ ਬਿਹਤਰੀ ਲਈ ਲੋਕਾਂ ਨਾਲ ਲੜਦੇ ਰਹਿਣਾ। ਹਰ ਸਮੇਂ ਫਾਈਲਾਂ ਨਾਲ ਮੱਥਾ ਮਾਰਦੇ ਰਹਿਣਾ ਜਿਵੇਂ ਉਸਦਾ ਨਿੱਤਨੇਮ ਸੀ। ਕੋਈ ਨਾਲ ਦਾ ਸਾਥੀ ਜਦੋਂ ਰਿਸ਼ਵਤ ਲੈਣ ਦੀ ਗੱਲ ਕਰਦਾ ਤਾਂ ਇਮਾਨਦਾਰੀ ਤੇ ਅਣਖ ਨਾਲ ਜ਼ਿੰਦਗੀ ਜਿਉਣ ਦਾ ਲੰਬਾ ਲੈਕਚਰ ਦੇਣਾ ਉਸ ਦੀ ਆਦਤ ਬਣ ਚੁੱਕੀ ਸੀ। ਮਹਿਕਮੇਂ ਵਿਰੁੱਧ ਜੇ ਕੋਈ ਗੱਲ ਕਰਦਾ ਤਾਂ ਉਹ ਅਗਲੇ ਦੇ ਗਲ 'ਚ ਹੱਥ ਪਾਉਣ ਤੱਕ ਜਾਂਦਾ। ਕੰਮ ਹੀ ਪੂਜਾ ਹੈ— ਉਸ ਦੀ ਜ਼ਿੰਦਗੀ ਦਾ ਮਕਸਦ ਸੀ।

ਰਾਮਪਾਲ ਨੇ ਅਨੇਕਾ ਅਫ਼ਸਰਾਂ ਥੱਲੇ ਕੰਮ ਕੀਤਾ ਪਰ ਕਦੀ ਕਿਸੇ ਦੀ ਈਨ ਨ੍ਹੀਂ ਕਬੂਲੀ। ਅਨੇਕਾਂ ਵਾਰ ਉਹ ਅਫ਼ਸਰਾਂ ਤੇ ਲੋਕਾਂ ਨਾਲ ਉਲਝਿਆ ਵੀ। ਪਰ ਕਦੀ ਡੋਲਿਆ ਨਹੀਂ। ਇਸੇ ਕਰਕੇ ਮਹਿਕਮੇਂ ਦੇ ਸਾਰੇ ਲੋਕ ਉਸਦੀ ਇਮਾਨਦਾਰੀ ਦੀ ਸਹੁੰ ਖਾਂਦੇ ਤੇ ਉਦਾਹਰਨ ਦਿੰਦੇ ਹਨ।

ਦੋ ਮੁੰਡੇ ਤੇ ਇੱਕ ਕੁੜੀ ਨੂੰ ਵਧੀਆ ਤਾਲ਼ੀਮ ਦਿਵਾਈ। ਪੈਰਾਂ ਸਿਰ ਖੜ੍ਹੇ ਕੀਤਾ। ਸ਼ਾਨ ਨਾਲ ਪਰ ਸਾਦੀਆਂ ਵਿਆਹ ਸ਼ਾਦੀਆਂ ਕੀਤੀਆਂ। ਆਪੋ ਅਪਣੀ ਥਾਈਂ ਸਭ ਮੌਜ ਕਰਦੇ ਨੇ। ਵੱਡਾ ਬੇਟਾ ਜਿਵੇਂ ਕਿਵੇਂ ਦਿੱਲੀ ਰਹਿਣ ਲੱਗ ਪਿਆ। ਛੋਟੇ ਨੂੰਹ ਪੁੱਤ ਕੋਲ ਰਾਮਪਾਲ ਤੇ ਉਸਦੀ ਪਤਨੀ ਅਪਣੀ ਰਿਟਾਇਰਮੈਂਟ ਬਾਅਦ ਬੁਢੇਪੇ ਦੀ ਜ਼ਿੰਦਗੀ ਲੰਘਾਉਣ ਲੱਗ ਪਏ। ਘਰ ਗੁਜਾਰੇ ਜੋਗਾ ਹੈ ਸੀ। ਪੈਨਸ਼ਨ ਨਾਲ ਉਨਾ ਦੋਨਾਂ ਦਾ ਵਧੀਆ ਕੰਮ ਚਲਦਾ ਸੀ। ਵੇਲੇ-ਕੁਵੇਲੇ ਉਹ ਘਰ ਦੇ ਖਰਚੇ ਦਾ ਵੀ ਮਾੜਾ ਮੋਟਾ ਕੰਮ ਸਾਰ ਦਿੰਦੇ।

ਰਾਮਪਾਲ ਦੇ ਅਣਖੀਲੇ ਤੇ ਅੱਖੜ ਸੁਭਾਅ ਕਾਰਨ ਨੂੰਹ ਪੁੱਤ ਨਾਲ ਉਸਦੀ ਕੋਈ ਵਧੀਆ ਸੁਰ ਨਾ ਮਿਲਦੀ। ਅਨੇਕਾਂ ਵਾਰ ਘਰ ਵਿਚ ਨਿੱਕੀਆਂ ਮੋਟੀਆਂ ਗੱਲਾਂ ਕਰਕੇ ਬਹਿਸ ਕਰਨਾ ਉਸਦੀ ਆਦਤ ਬਣ ਚੁੱਕੀ ਸੀ। ਉਸਦੀ ਪਤਨੀ ਬਹੁਤ ਸਮਝਾਉਂਦੀ ਕਿ ਹੁਣ ਆਪਣੇ ਨੈਣ ਪ੍ਰਾਣ ਜ਼ਿਆਦਾ ਕੰਮ ਨ੍ਹੀਂ ਕਰਦੇ। ਰਹਿਣ ਦਿਆ ਕਰੋ ਜਿੱਦ ਕਰਨ ਨੂੰ। ਪਰ ਰਾਮਪਾਲ 'ਮੈਂ ਕੌਨਾ ਮਾਨੂੰ' ਦਾ ਇਕੋ ਰੱਟਾ ਲਾਈ ਰੱਖਦਾ। ਕਈ ਵਾਰ ਘਰ ਵਿਚ ਕਾਫੀ ਝੱਜੂ ਪੈਂਦਾ।

ਉਹ ਬਹੁਤ ਸਮਝਾਉਂਦੀ, "ਭਲਿਆ ਲੋਕਾ, ਅਪਣੇ ਜਮਾਨੇ ਕੁਝ ਹੋਰ ਸੀ। ਹੁਣ ਦੇ ਜੁਆਕਾਂ ਦੀ ਸੋਚ ਬਦਲ ਚੁੱਕੀ ਆ। ਹੁਣ ਨਹੀਂ ਤੇਰੀ ਤੜੀ ਝਲਦਾ ਕੋਈ। ਟਾਈਮ ਵਿਚਾਰਿਆ ਕਰ। ਹਿੰਡ ਤੋਂ ਭਉ ਜਿਆ ਕਰ। ਨਹੀਂ ਆਪਾਂ ਨੂੰ ਬੁਢੇਪਾ ਕੱਟਣਾ ਅਉਖਾ ਹੋਜੂ।"

"ਲੈ ਆਏ ਕਿਵੇਂ ਆਉਖਾ ਹੋਜੂ, ਘਰ ਤਾਂ ਮੇਰਾ। ਡੱਕਰ ਦੂੰ, ਸਭ ਨੂੰ। ਜੇ ਜਿਆਦਾ ਤਿੰਨ ਪੰਜ ਜੀ ਕਰਨਗੇ। ਨਾਲੇ ਜਾਣਦੇ ਆ ਪਤੰਦਰ ਦੇ ਸੁਭਾਅ ਨੂੰ। ਮੈਂ ਤਾਂ ਜਿੰਦਗੀ 'ਚ ਕਿਸੇ ਸਾਲੇ ਬੇਗਾਨੇ ਅਫ਼ਸਰ ਦੀ ਧੌਂਸ ਨਹੀਂ ਝੱਲੀ, ਇਹ ਤਾਂ ਹੈਗੇ ਈ ਮੇਰੇ ਆਪਣੇ ਆ। ਆਂਏ ਕਿਵੇਂ ਬੋਲ ਜਾਣਗੇ, ਅਬਾ ਤਬਾ।" ਰਾਮ ਪਾਲ ਦਾ ਅਣਖੀਲਾ ਸੁਭਾਅ ਪਿੱਛੇ ਹਟਣ ਨੂੰ ਤਿਆਰ ਨਾ ਹੁੰਦਾ । ਔਖਾ ਭਾਵੇਂ ਜਿਨਾਂ ਮਰਜੀ ਹੋਈ ਜਾਂਦਾ।

ਮੈਂ ਰਾਮਪਾਲ ਨੂੰ ਭਾਵੇਂ ਜਾਣਦਾ ਤਾਂ ਪਿਛਲੇ ਦੋ ਦਹਾਕਿਆਂ ਤੋਂ ਹਾਂ ਪਰ ਮੈਂ ਉਸ ਬਾਰੇ ਹੋਰਾਂ ਤੋਂ ਸੁਣਿਆ ਬਹੁਤ ਕੁਝ ਹੈ। ਜਦੋਂ ਤੋਂ ਮੈਨੂੰ ਉਸਦੇ ਇਮਾਨਦਾਰੀ ਤੇ ਮਸਤ ਮੌਲਾ ਵਾਲੀ ਮਿਹਨਤੀ ਵਿਅਕਤੀਤਵ ਬਾਰੇ ਕਈਆਂ ਤੋਂ ਸੁਣਿਆ ਤਾਂ ਉਸ ਬਾਰੇ ਹੋਰ ਜਾਨਣ ਦੀ ਮੇਰੀ ਦਿਲਚਸਪੀ ਵੱਧ ਗਈ। ਮੈਂ ਬਹੁਤੇ ਗੋਲ ਮੋਲ ਜ਼ਿੰਦਗੀ ਜਿਊਣ ਵਾਲੇ ਲੋਕਾਂ ਨੂੰ ਉਸਦਾ ਖਾਹਮ ਖਾਹ ਦਾ ਵਿਰੋਧ ਕਰਦਿਆਂ ਸੁਣਦਾ ਤਾਂ ਮੈਨੂੰ ਚੰਗਾ ਨਾ ਲਗਦਾ। ਮੈਨੂੰ ਰਾਮਪਾਲ ਨਾਲ ਬਹੁਤ ਹਮਦਰਦੀ ਸੀ। ਉਹਨਾਂ ਲੋਕਾਂ 'ਤੇ ਬਹੁਤ ਗੁੱਸਾ ਆਉਂਦਾ ਕਿ ਇਹ ਇਮਾਨਦਾਰ, ਮਿਹਨਤੀ ਤੇ ਸਾਦਾ ਜ਼ਿੰਦਗੀ ਜਿਊਣ ਵਾਲੇ ਸਾਊ ਬੰਦੇ ਨੂੰ ਵੀ ਨਹੀਂ ਬਖ਼ਸ਼ਦੇ।

ਦੂਜੇ ਪਲ ਮੈਨੂੰ ਇਸ ਗੱਲ ਕਰਕੇ ਸਕੂਨ ਵੀ ਮਹਿਸੂਸ ਹੁੰਦਾ ਜਦੋਂ ਰਾਮਪਾਲ ਦੇ ਘੋਰ ਵਿਰੋਧੀ ਬੰਦਿਆਂ ਦੇ ਮੂੰਹੋਂ ਵੀ ਰਾਮਪਾਲ ਦੀ ਵਡਿਆਈ ਸੁਨਣ ਨੂੰ ਮਿਲਦੀ। ਸੱਚ ਤਾਂ ਆਖਿਰ ਸੱਚ ਹੀ ਰਹਿੰਦੈ।

ਸ਼ਾਮ ਨੂੰ ਪਬਲਿਕ ਪਾਰਕ ਵਿਚ ਸੈਰ ਕਰਨਾ ਜਿਵੇਂ ਰਾਮਪਾਲ ਦਾ ਨਿੱਤਨੇਮ ਸੀ।

ਉਹ ਅਪਣੇ ਬਜ਼ੁਰਗ ਸਾਥੀਆਂ ਨਾਲ ਇਮਾਨਦਾਰੀ, ਅਣਖ ਤੇ ਸਾਦੀ ਜ਼ਿੰਦਗੀ ਦੇ ਵਿਸ਼ਿਆਂ 'ਤੇ ਗੱਲਬਾਤ ਕਰਦਾ ਮੈਨੂੰ ਕਿਸੇ ਹੀਰੋ ਤੋਂ ਘੱਟ ਨਾ ਲਗਦਾ। ਮੈਂ ਅਪਣੇ ਆਂਢ-ਗੁਆਂਢ ਦੇ ਬਜ਼ੁਰਗਾਂ ਕੋਲੋਂ ਵੀ ਰਾਮਪਾਲ ਬਾਰੇ ਬਹੁਤ ਜਾਣਕਾਰੀ ਲੈਂਦਾ ਰਹਿੰਦਾ। ਮੇਰਾ ਦਿਲ ਕਰਦਾ ਕਿ ਕਦੀ ਮੈਨੂੰ ਉਹ ਇਕੱਲਾ ਮਿਲੇ ਤਾਂ ਮੈਂ ਅਪਣੇ ਹੀਰੋ ਨਾਲ ਦਿਲ ਦੀਆਂ ਗੱਲਾਂ ਕਰਾਂ।

"ਅੰਕਲ ਜੀ ਨਮਸਕਾਰ। ਕੀ ਗੱਲ ਅੱਜ ਬਾਕੀ ਸਾਥੀਆਂ ਤੋਂ ਪਹਿਲਾਂ ਇਕੱਲੇ ਈ, ਸੁੱਖ ਤਾਂ ਹੈ?" ਮੈਂ ਮੌਕੇ ਦਾ ਫਾਈਦਾ ਲੈਣ ਦੀ ਤਾਕ 'ਚ ਸਾਂ।

"ਨਮਸਕਾਰ ਕਾਕਾ! ਕੀ ਹਾਲ ਆ ਤੇਰਾ? ਠੀਕ ਚਲਦਾ ਕੰਮ ਕਾਰ? ਸਾਡਾ ਕੀ ਆ ਬੁੜਿਆਂ ਦਾ, ਜਿੱਧਰ ਕੋਈ ਠੇਡਾ ਮਾਰਦਾ ਉਧਰ ਰੁੜੈ ਜਾਈਂਦਾ ਆ।"

"ਕੀ ਗੱਲ ਅੰਕਲ ਜੀ, ਮੈਂ ਥੋਨੂੰ ਕਦੀ ਇਦਾਂ ਢਹਿੰਦੀ ਕਲਾ ਦੀ ਗੱਲ ਕਰਦਿਆਂ ਨਹੀਂ ਸੁਣਿਆ! ਸੁੱਖ ਨਹੀਂ?"

"ਹਾਂ ਕਾਕਾ, ਘਰੇ ਕਿਸੇ ਗੱਲ ਕਰਕੇ ਕਲੇਸ਼ ਹੋ ਗਿਆ। ਮੈਂ ਸੋਚਿਆ ਜਰਾ ਘਰੋਂ ਪਾਰਕ ਵਿਚ ਆ ਜਾਨੇ ਆਂ। ਬਾਅਦ 'ਚ ਆਪੇ ਚੁੱਪ ਕਰ ਜਾਣਗੇ । ਹੁਣ ਉਨੀ ਤਾਕਤ ਨੀ ਰਹੀ ਮੜਿੱਕਨ ਦੀ।"

"ਤੁਸੀਂ ਕਿਉਂ ਬਹਿਸਦੇ ਹੋ ਅੰਕਲ ਜੀ?"

"ਕੀ ਦੱਸਾਂ ਕਾਕਾ, ਸੱਚ ਤਾਂ ਇਹ ਆ ਬਈ ਸਾਰੀ ਜ਼ਿੰਦਗੀ ਆਪਾਂ ਕਿਸੇ ਦੀ ਗਲਤ ਗੱਲ ਨਹੀਂ ਝੱਲੀ। ਹੁਣ ਉਹੀ ਆਦਤ ਘਰ 'ਚ ਚਲਦੀ ਨ੍ਹੀਂ। ਬੁੱਢੇ ਵਾਰੇ ਤੇਰੀ ਆਂਟੀ ਵੀ ਹੁਣ ਜੁਆਕਾਂ ਨਾਲ ਹੋ ਖੜ੍ਹਦੀ ਆ। ਮੈਨੂੰ ਚੰਗਾ ਨਹੀਂ ਲੱਗਿਆ ਮੈਂ ਕਲੇਸ਼ ਵੱਧਣ ਤੋਂ ਇਧਰ ਟਲਿਆ ਆਇਆ।"

"ਇਹਦਾ ਮਤਲਬ ਅੰਕਲ ਜੀ ਤੁਸੀਂ ਆਪਣੇ ਆਪ ਨੂੰ ਗਲਤ ਮੰਨਦੇ ਹੋ?"

"ਨਹੀਂ ਕਾਕਾ, ਅਸਲ ਵਿਚ ਮੈਂ ਸਾਰੀ ਜ਼ਿੰਦਗੀ ਦਿਆਨਤਦਾਰੀ ਦਾ ਪੱਲਾ ਨਹੀਂ ਛੱਡਿਆ। ਮੈਂ ਇਹੀ ਕੁਝ ਘਰ 'ਚ ਸਾਰਿਆਂ ਤੋਂ ਉਮੀਦ ਕਰਦਾਂ। ਹੁਣ ਮੈਥੋਂ ਬਰਦਾਸ਼ਤ ਨਹੀਂ ਹੁੰਦਾ ਜਦੋਂ ਕੋਈ ਫਰੇਬ ਕਰੇ, ਜਾਣ ਕੇ ਤਾਣੀ ਉਲਝਾਵੇ। ਏਸੇ ਕਰਕੇ ਮੇਰੀ ਸਾਰੀ ਉਮਰ ਦਫ਼ਤਰ 'ਚ ਨਹੀਂ ਕਿਸੇ ਨਾਲ ਬਣੀ ਤੇ ਨਾ ਬਣੇ ਹੁਣ ਘਰੇ। ਪਰ ਮੈਂ ਆਪਣੇ ਸਿਧਾਂਤਾਂ ਤੇ ਕਾਇਮ ਹਾਂ। ਉਝ ਮੈਂ ਇੱਕ ਗੱਲ ਦਸਦਾਂ ਕਿ ਮੈਂ ਸਾਰੀ ਜ਼ਿੰਦਗੀ ਰਿਹਾਂ ਕੱਲਾ ਈ ਆਂ। ਜਦੋਂ ਕਦੇ ਮੁਸੀਬਤ ਪੈਦਾ ਹੋਈ ਤਾਂ ਕਿਸੇ ਬੇਈਮਾਨ ਅਫ਼ਸਰ ਜਾਂ ਨਾਲ ਦੇ ਨੇ ਸਾਥ ਦਿੱਤਾ। ਲੜੇ ਕੱਲੇ ਪਰ ਹਾਰ ਨਹੀਂ ਮੰਨੀ ਤੇ ਨਾ ਹੀ ਕਦੀ ਹਾਰੇ। ਮਸਤ ਰਹੇ ਜ਼ਿੰਦਗੀ 'ਚ। ਕੋਈ ਗਿਲਾ ਸ਼ਿਕਵਾ ਨਹੀਂ। ਕੋਈ ਪਛਤਾਵਾ ਨਹੀਂ। ਢੋਲੇ ਦੀਆਂ ਲਾਈਆਂ ਸਾਰੀ ਜ਼ਿੰਦਗੀ। ਨਾ ਇਨਕਮ ਟੈਕਸ ਆਲਿਆਂ ਦਾ ਡਰ ਨਾ ਵਿਜੀਲੈਂਸ ਵਾਲਿਆਂ ਦਾ। ਨਾ ਚਿੰਤਾ ਮਾਇਆ ਜੋੜਨ ਦੀ। ਸਾਲਾ ਟੇਡਾ ਵਿੰਗਾ ਕੋਈ ਨੀ ਝਾਕਿਆ। ਮਸਤ ਰਹੇ।" ਮੈਨੂੰ ਇੰਝ ਲੱਗ ਰਿਹਾ ਸੀ ਜਿਵੇਂ ਮੈਂ ਲੋਕਾਂ ਦੇ ਰੀਅਲ ਹੀਰੋ ਨਾਲ ਗੱਲਾਂ ਕਰ ਰਿਹਾ ਹੋਵਾਂ।

"ਫਿਰ ਅੰਕਲ ਜੀ, ਇਹਦਾ ਮਤਲਬ ਸਾਨੂੰ ਬਹੁਤਿਆਂ ਦਾ ਸਮਰਥਨ ਲੈਣ ਲਈ ਉਨਾਂ ਨਾਲ ਰਲ ਮਿਲ ਕੇ ਚੱਲਣਾ ਚਾਹੀਦਾ ਆ?"

"ਨਹੀ ਕਾਕਾ, ਇਹ ਕੀ ਕਿਹੈ ਤੈਂ? ਮੈਂ ਸਾਰੀ ਉਮਰ ਭਿੜਿਆਂ— ਅਣਖ,

ਇਮਾਨਦਾਰੀ ਤੇ ਸਾਦਗੀ ਖਾਤਰ। ਚੱਲਿਆਂ ਬਿਖੜੇ ਪੈਂਡਿਆਂ 'ਤੇ, ਪਰ ਲਿਆ ਆਨੰਦ ਆ। ਅੱਜ ਤਕ ਕੋਈ ਉਂਗਲ ਨਹੀਂ ਕਰ ਸਕਦਾ। ਸਿਰ ਉੱਚਾ ਕਰਕੇ ਤੁਰੇ ਆਂ ਸਾਰੀ ਉਮਰ। ਸਾਫ਼ ਸੁਥਰੇ ਰਸਤਿਆਂ ਤੇ ਭੀੜ ਨਹੀਂ ਹੁੰਦੀ ਜਿਵੇਂ ਮਰਜ਼ੀ ਤੁਰੋ ਮਟਕ ਮਟਕ, ਆਨੰਦ ਈ ਵੱਖਰਾ ਆਉਂਦਾ।"

"ਚੱਗਾ ਅੰਕਲ ਜੀ! ਮੈਂ ਚਲਦਾਂ ਫੋਨ ਆ ਗਿਆ ਫਿਰ ਕਦੀ ਕਰਦੇ ਆਂ ਬਾਕੀ ਗੱਲ ਬਾਤ।" ਕਹਿ ਮੈਂ ਉਥੋਂ ਇਕ ਖਾਸ ਜੋਸ਼ ਵਿਚ ਉਠਿਆ।

ਮੈਂ ਸੋਚਦਾਂ ਰਾਮਪਾਲ ਨੇ ਜ਼ਿੰਦਗੀ 'ਚ ਕਦੇ ਹਾਰ ਨਹੀਂ ਮੰਨੀ, ਰਸਤਾ ਨਹੀਂ ਬਦਲਿਆ, ਰਿਸ਼ਤਿਆਂ ਦਾ ਨਿਭਾਅ ਵੀ ਬਾਖੂਬੀ ਕੀਤਾ। ਸੁਭਾਅ ਅੱਖੜ ਪਰ ਸੰਵੇਦਨਸ਼ੀਲਤਾ ਵੀ ਲਾ-ਮਿਸਾਲ।

"ਲੈ ਬਈ ਪੁੱਤਰਾ ਰਾਮੂ, ਚਾਲੀ ਰੁਪਏ। ਹੋਰ ਪਾਣੀ ਧਾਣੀ ਪੀਣੈ ਤਾਂ ਦੱਸ।" ਮਿੰਨੀ ਕਹਾਣੀ ਦੇ ਸਬਦਾਂ ਰਾਹੀਂ ਉਹ ਕਿਸੇ ਦਾ ਹੱਕ ਦਿਵਾਉਣ ਦਾ ਆਲੰਬਰਦਾਰ ਤੇ ਪਰਦੇਸੀ ਭਈਏ ਨੂੰ ਪਿਆਰ ਨਾਲ ਬੁਲਾਉਂਦਿਆਂ ਮੈਨੂੰ ਮੇਰਾ ਹੀਰੋ ਮਨੁੱਖਤਾ ਦੀ ਲਾਸਾਨੀ ਮੂਰਤ ਜਾਪਦਾ ਹੈ। ਸੈਲਿਊਟ ਆ।

ਮੈਂ ਉਸਦੀ ਅਸੂਲਾਂ ਭਰੀ ਜ਼ਿੰਦਗੀ ਦੀ ਗਾਥਾ ਹੋਰ ਜ਼ਿਆਦਾ ਮਨ ਵਿਚ ਟਿਕਾ ਕੇ ਨਾ ਰੱਖ ਸਕਿਆ ਤੇ ਅਖੀਰ ਮੇਰੇ ਸਬਦਾਂ ਨੇ 'ਰਿਸ਼ਤਿਆਂ ਦੀ ਬੁਨਿਆਦ' ਮਿੰਨੀ ਕਹਾਣੀ ਦਾ ਰੂਪ ਲੈ ਲਿਆ।

ਮੇਰੀਆਂ ਸਾਰੀਆਂ ਹੀ ਮਿੰਨੀ ਕਹਾਣੀਆਂ ਦੇ ਪਾਤਰ ਲੜਾਕੂ, ਅਣਖੀਲੇ, ਇਮਾਨਦਾਰੀ ਦੇ ਆਲੰਬਰਦਾਰ, ਧੱਕਾ ਨਾ ਸਹਿਣ ਵਾਲੀ ਜ਼ਿੰਦਗੀ ਜਿਉਂਦੇ ਇਨਸਾਨ ਬਣਦੇ ਰਹੇ ਹਨ।

-ਦਰਸ਼ਨ ਸਿੰਘ ਬਰੇਟਾ

ਪ੍ਰੀਤ ਭਵਨ, ਨੇੜੇ ਵਿਸ਼ਵਕਰਮਾਂ ਮੰਦਿਰ, ਬਰੇਟਾ (ਮਾਨਸਾ)

ਈਮੇਲ: dsbareta@gmail.com ਮੋ: 9809835500

❀

ਜੇਕਰ ਦੁੱਖ ਦੇ ਸਮੇਂ ਮੰਦਿਰ, ਮਸਜਿਦ, ਚਰਚ ਅਤੇ ਗੁਰਦੁਆਰਿਆਂ ਵਿਚ ਨਾ ਆਉਣ ਦੀ ਅਪੀਲ ਹੋ ਰਹੀ ਹੈ ਤੇ ਹਸਪਤਾਲਾਂ ਨੂੰ ਵੱਧ ਤੋਂ ਵੱਧ ਸੇਵਾਵਾਂ ਲਈ ਲੈਸ ਹੋ ਕੇ ਤਿਆਰ ਰਹਿਣ ਲਈ ਕਿਹਾ ਜਾ ਰਿਹਾ ਹੈ, ਤਾਂ ਸਬਕ ਸਾਫ਼ ਸਪੱਸ਼ਟ ਹੈ ਕਿ ਸਾਨੂੰ ਆਪਣਾ ਧਿਆਨ ਕਿੱਧਰ ਲਾਉਣਾ ਚਾਹੀਦਾ ਹੈ।

-ਡਾ. ਸ਼ਿਆਮ ਸੁੰਦਰ ਦੀਪਤੀ

◆

ਲਿਆਓ ਸਲੀਬ ਮੇਰੀ ਜ਼ਹਿਰ ਦਾ ਬਾਟਾ ਪਿਆਓ।
ਹਨੇਰਾ ਅਗਰ ਹੈ ਤਾਂ ਕਿਉਂ ਮਿਰਾ ਹੋਵੇ ਬਚਾਓ।
ਕਵੀ ਹੋ ਕੇ ਭਲਾ ਕੀਕਣ ਜਿਉਂਦਾ ਮੈਂ ਪਿਆ ਹਾਂ,
ਉਜਾਲੇ ਨਾ ਕਰਾਂ ਜੇਕਰ ਕਿਤਾਬਾਂ ਸਭ ਜਲਾਓ।

-ਸਰਬਜੀਤ ਸੋਹੀ

ਨੇੜਿਓਂ-ਤੇੜਿਓਂ

ਅਲਵਿਦਾ ਜ਼ਿੰਦਗੀ / ਪਰਗਟਜੀਤ ਸੰਧੂ ਦੀ ਵਾਲ ਤੋਂ ਧੰਨਵਾਦ ਸਹਿਤ

ਕਿੰਨੇ ਮਹਾਨ ਲੋਕ ਹੁੰਦੇ ਹਨ ਜਿਹੜੇ ਆਪਣੇ ਤੋਂ ਪਹਿਲਾ ਕਿਸੇ ਦੂਜੇ ਬਾਰੇ ਸੋਚਦੇ ਹਨ, ਨਾਲੇ ਜਦੋਂ ਮਸਲਾ ਜ਼ਿੰਦਗੀ ਮੌਤ ਦਾ ਹੋਵੇ ਤਾਂ ਮੌਤ ਚੁਣਕੇ ਦੂਜੇ ਨੂੰ ਜ਼ਿੰਦਗੀ ਦੇਣਾ ਸੱਚ ਵਿਚ ਹੀ ਮਿਸਾਲ ਬਣ ਜਾਂਦਾ ਹੈ।

ਅਜਿਹੀ ਹੀ ਇੱਕ ਮਿਸਾਲ ਕਾਇਮ ਕੀਤੀ ਬੈਲਜੀਅਮ ਦੇ ਲੂਬੀਕ ਸ਼ਹਿਰ ਦੀ ਵਸਨੀਕ 90 ਸਾਲਾ ਸੁਜੈਨ ਹੋਏਲਾਰੇਟਸ ਨੇ, ਜਿਸ ਕਰਕੇ ਉਹ ਖ਼ਬਰਾਂ ਦੀ ਸੁਰਖ਼ੀ ਬਣ ਗਈ।

ਪਿਛਲੇ 20 ਮਾਰਚ ਨੂੰ ਸੂਜੈਨ ਦੀ ਅਚਾਨਕ ਖੰਘ ਜ਼ੁਕਾਮ ਅਤੇ ਬੁਖ਼ਾਰ ਨਾਲ ਤਬੀਅਤ ਵਿਗੜ ਗਈ ਤਾਂ ਉਸਦੀ ਧੀਅ ਜੂਡੀਥ ਉਸਨੂੰ ਹਸਪਤਾਲ ਲੈਕੇ ਗਈ ਜਿੱਥੇ ਸੂਜੈਨ ਦੇ ਟੈਸਟ ਹੋਏ ਤਾਂ ਸੂਜੈਨ ਕਰੋਨਾ ਵਾਇਰਸ ਨਾਲ ਪਾਜਟਿਵ ਪਾਈ ਗਈ। ਉਸੇ ਵਕਤ ਉਸਦੀ ਧੀਅ ਜੂਡੀਥ ਨੂੰ ਉਸ ਤੋਂ ਵੱਖ ਕਰਕੇ ਆਈਸੋਲੇਟ ਕਰ ਦਿੱਤਾ ਗਿਆ ਤਾਂ ਇਸ ਦੌਰਾਨ ਸੂਜੈਨ ਦਾ ਸਾਹ ਰੁੱਕਣਾ ਸ਼ੁਰੂ ਹੋ ਗਿਆ। ਡਾਕਟਰ ਨੇ ਵੈਂਟੀਲੇਟਰ ਮੰਗਵਾਕੇ ਜਦੋਂ ਸੂਜੈਨ ਨੂੰ ਦੱਸਿਆ ਕਿ ਉਸਨੂੰ ਆੱਕਸੀਜਨ ਦੀ ਜ਼ਰੂਰਤ ਹੈ ਤਾਂ ਸੂਜੈਨ ਨੇ ਵੈਂਟੀਲੇਟਰ ਦੀ ਵਰਤੋਂ ਕਰਨ ਤੋਂ ਇਨਕਾਰ ਕਰ ਦਿੱਤਾ। ਸੂਜੈਨ ਨੇ ਕਿਹਾ ਕਿ ਉਸਨੇ ਆਪਣੀ ਜ਼ਿੰਦਗੀ ਦੇ 90 ਸਾਲ ਬਹੁਤ ਵਧੀਆ ਬਿਤਾਏ ਹਨ ਉਸਨੂੰ ਹੋਰ ਜ਼ਿੰਦਗੀ ਦੀ ਲੋੜ ਨਹੀਂ ਹੈ, ਬੇਹਤਰ ਹੈ ਤੁਸੀਂ ਇਹ ਵੈਂਟੀਲੇਟਰ ਦੀ ਕਿਸੇ ਨੌਜਵਾਨ ਪੀੜਿਤ ਲਈ ਵਰਤੋਂ ਕਰੋ ਤਾਂ ਕਿ ਉਸਦੀ ਜ਼ਿੰਦਗੀ ਬਚ ਜਾਵੇ, ਜਿਸਨੂੰ ਜ਼ਿੰਦਗੀ ਦੀ ਲੋੜ ਹੈ। ਉਸਨੇ ਆਪਣੀ ਧੀਅ ਨੂੰ ਵੀ ਇਹ ਸੁਨੇਹਾ ਭੇਜਿਆ ਕਿ ਤੂੰ ਬਿਲਕੁਲ ਰੋਣਾ ਨਹੀਂ ਹੈ, ਮੈਂ ਖ਼ੁਸ਼ੀ ਨਾਲ ਜ਼ਿੰਦਗੀ ਦਾ ਤਿਆਗ ਕਰ ਰਹੀ ਹਾਂ। ਇਸ ਵੈਂਟੀਲੇਟਰ ਨਾਲ ਸ਼ਾਇਦ ਕਿਸੇ ਹੋਰ ਦੀ ਜ਼ਿੰਦਗੀ ਬਚ ਜਾਵੇ, ਜਿਸਨੂੰ ਜ਼ਿੰਦਗੀ ਦੀ ਲੋੜ ਹੈ। ਇਸ ਤੋਂ ਬਾਅਦ ਅਗਲੇ ਦਿਨ 21 ਮਾਰਚ ਨੂੰ ਸੂਜੈਨ ਦੀ ਮੌਤ ਹੋ ਗਈ ਸੀ ਅਤੇ ਇੱਕ ਸੁਨੇਹਾ ਦੇ ਗਈ ਕਿ ਜ਼ਿੰਦਗੀ ਜਿਉਣ ਦੀ ਜੇ ਕਲਾ ਹੋਵੇ ਇੱਕ ਜ਼ਿੰਦਗੀ ਵੀ ਬਹੁਤ ਹੁੰਦੀ ਹੈ। ਤੁਸੀਂ ਜੀਵਨ ਤੋਂ ਏਨੇ ਰੱਜ ਜਾਂਦੇ ਹੋ ਤੁਹਾਨੂੰ ਦੁਨੀਆਂ ਤੋਂ ਜਾਣ ਲੱਗਿਆ ਵੀ ਕੋਈ ਜ਼ਿਆਦਾ ਅਫ਼ਸੋਸ ਨਹੀਂ ਹੁੰਦਾ। ਉਮਰ ਕਿਸੇ ਦੀ 90 ਛੱਡਕੇ 100 ਵੀ ਹੋਵੇ ਪਰ ਉਸਨੂੰ ਵਧਾਉਣ ਲਈ ਹਰ ਹੀਲਾ ਵਰਤਦਾ ਹੈ। ਬਹੁਤ ਘੱਟ ਲੋਕ ਹੁੰਦੇ ਹਨ ਸੂਜੈਨ ਵਰਗੇ ਜਿਹੜੇ ਜੀਵਨ ਤੋਂ ਸੰਤੁਸ਼ਟ ਹੋ ਕੇ ਸੰਸਾਰ ਨੂੰ ਅਲਵਿਦਾ ਕਹਿੰਦੇ ਹਨ।

◆

ਲਿਖਣ ਦਾ ਮਾਹੌਲ / ਵਿਲੀਅਮ ਫਾਕਨਰ

ਜੇਕਰ ਲੇਖਕ ਨੂੰ ਤਕਨੀਕ ਵਿਚ ਦਿਲਚਸਪੀ ਹੈ ਤਾਂ ਉਹ ਜਾਵੇ ਸਰਜਰੀ ਕਰੇ ਜਾਂ

ਕੋਈ ਮਿਸਤਰੀ ਬਣ ਜਾਵੇ। ਲੇਖਣੀ ਲਈ ਕੋਈ ਨਿਯਮਬੱਧ ਤਰੀਕਾ ਨਹੀਂ, ਕੋਈ ਛੋਟਾ ਰਾਹ ਨਹੀਂ। ਮੂਰਖ ਹੈ ਉਹ ਨੌਜਵਾਨ ਲੇਖਕ ਜਿਹੜਾ ਕਿਸੇ ਸਿਧਾਂਤ ਦਾ ਪਿੱਛਾ ਕਰ ਰਿਹਾ, ਆਪਣੀਆਂ ਗਲਤੀਆਂ ਤੋਂ ਸਿੱਖੇ, ਲੋਕ ਸਿਰਫ਼ ਗਲਤੀਆਂ ਤੋਂ ਹੀ ਸਿੱਖ ਸਕਦੇ ਹਨ। ਇੱਕ ਚੰਗਾ ਕਲਾਕਾਰ ਇਹ ਮੰਨਦਾ ਹੈ ਕਿ ਕੋਈ ਏਨਾ ਸਮਝਦਾਰ ਨਹੀਂ ਜਿਹੜਾ ਉਸਨੂੰ ਸਲਾਹ ਦੇ ਸਕੇ। ਉਸ ਕੋਲ ਏਸੇ ਗੱਲ ਦਾ ਮਾਣ ਹੁੰਦਾ। ਉਹ ਬਜ਼ੁਰਗ ਲੇਖਕ ਨੂੰ ਚਾਹੇ ਕਿੰਨਾ ਹੀ ਪਸੰਦ ਕਿਉਂ ਨਾ ਕਰਦਾ ਹੋਵੇ, ਚਾਹੁੰਦਾ ਤਾਂ ਦਰਅਸਲ ਉਸਨੂੰ ਹਰਾਉਣਾ ਹੀ ਹੈ।

ਇਸੇ ਇੰਟਰਵਿਊ ਦਾ ਹਿੱਸਾ ਹੈ— ਸਵਾਲ ਹੈ ਤਾਂ ਫਿਰ ਲਿਖਣ ਲਈ ਸਭ ਤੋਂ ਚੰਗਾ ਮਾਹੌਲ ਕੀ ਹੋ ਸਕਦਾ?

ਜਵਾਬ ਵਿਚ ਫਾਕਨਰ ਆਖਦਾ— ਕਲਾ ਦਾ ਮਾਹੌਲ ਨਾਲ ਕੋਈ ਸਬੰਧ ਨਹੀਂ। ਨਹੀਂ ਫਰਕ ਪੈਂਦਾ ਕਿ ਕੌਣ ਕਿੱਥੇ ਆ, ਮੇਰੀ ਗੱਲ ਕਰੋ ਤਾਂ ਮੈਂ ਤੁਹਾਨੂੰ ਦੱਸਦਾ ਕਿ ਮੈਨੂੰ ਜਿਹੜਾ ਸਭ ਤੋਂ ਬਿਹਤਰ ਕੰਮ ਮਿਲਿਆ ਸੀ ਉਹ ਸੀ ਕਿਸੇ ਕੋਠੇ ਵਿਚ ਨੌਕਰ ਦਾ। ਮੇਰੀ ਤਾਂ ਸਲਾਹ ਹੈ ਕਿ ਕਿਸੇ ਲੇਖਕ ਲਈ ਇਹ ਕੰਮ ਸਭ ਤੋਂ ਬਿਹਤਰ ਹੋ ਸਕਦਾ। ਪੂਰੀ ਆਰਥਿਕ ਆਜ਼ਾਦੀ ਹੁੰਦੀ, ਸਿਰ 'ਤੇ ਛੱਤ ਅਤੇ ਖਾਣ ਲਈ ਰੋਟੀ। ਕੰਮ ਦੇ ਨਾਮ ਤੇ ਕੀ ਹੁੰਦਾ ਕੁਝ ਖਾਤਿਆਂ ਦੀ ਦੇਖ ਰੇਖ ਅਤੇ ਮਹੀਨੇ ਦੇ ਅਖੀਰ ਤੇ ਜਾਕੇ ਲੋਕਲ ਪੁਲੀਸ ਨੂੰ ਪੈਸੇ ਦੇ ਆਉਣੇ ਅਤੇ ਬੱਸ। ਸਵੇਰੇ ਤਾਂ ਵੈਸੇ ਹੀ ਸ਼ਾਂਤੀ ਹੁੰਦੀ, ਦੁਪਹਿਰ ਦਾ ਵੇਲਾ ਕੰਮ ਲਈ ਸਭ ਤੋਂ ਠੀਕ ਹੁੰਦਾ, ਅਤੇ ਸ਼ਾਮ ਨੂੰ ਹੁੰਦੀ ਵਾਹਵਾ ਚਹਿਲ ਪਹਿਲ, ਮਨ ਹੋਵੇ ਤਾਂ ਬੋਰੀਅਤ ਦੂਰ ਕਰਨ ਲਈ ਸ਼ਾਮਿਲ ਵੀ ਹੋ ਸਕਦਾ। ਹੋਰ ਤਾਂ ਹੋਰ ਨੇੜੇ-ਤੇੜੇ ਦੇ ਸ਼ਰਾਬੀਆਂ ਤਕ ਨੇ ਉਸਨੂੰ ਸਰ ਸਰ ਕਹਿਣਾ ਅਤੇ ਹੋਰ ਤਾਂ ਹੋਰ ਉਹ ਪੁਲਿਸ ਤਕ ਦੇ ਬੰਦਿਆ ਨੂੰ ਉਹਨਾਂ ਦੇ ਨਾਂ ਨਾਲ ਬੁਲਾ ਸਕਦਾ। ਗੱਲ ਕਹਿਣ ਦਾ ਮਤਲਬ ਕਲਾਕਾਰ ਨੂੰ ਸਿਰਫ਼ ਓਨਾ ਹੀ ਵਾਤਾਵਰਣ ਚਾਹੀਦਾ ਜਿੱਥੇ ਘੱਟੋ ਘੱਟ ਕੀਮਤ ਤੇ ਸ਼ਾਂਤੀ, ਇੱਕਲਤਾ ਅਤੇ ਖੁਸ਼ੀ ਮਿਲ ਸਕੇ।

ਸ਼ਬਦ ਹੂਬਹੂ ਤਾਂ ਨਹੀਂ ਪਰ ਅਰਥ ਇਹੋ ਜਿਹੇ ਸੰਵਾਦ ਦੇ-

◆

ਛੋਟੀ ਗੱਠਰੀ / ਬੀ.ਆਰ. ਚੋਪੜਾ ਅਤੇ ਰਾਹੀ ਮਸੂਮ ਰਜ਼ਾ ਸੰਵਾਦ

ਡਾ. ਰਾਹੀ ਮਸੂਮ ਰਜ਼ਾ ਨੂੰ ਫਿਲਮ ਨਿਰਮਾਤਾ ਤੇ ਨਿਰਦੇਸ਼ਕ ਬੀ.ਆਰ. ਚੋਪੜਾ ਨੇ 'ਮਹਾਂਭਾਰਤ' ਟੀ.ਵੀ. ਸੀਰੀਅਲ ਦੀ ਸਕਰਿਪਟ ਲਿਖਣ ਨੂੰ ਕਿਹਾ।

ਰਾਹੀ ਮਸੂਮ ਰਜ਼ਾ ਨੇ ਮਨਾ ਕਰ ਦਿੱਤਾ। ਦੂਸਰੇ ਦਿਨ ਇਹ ਖ਼ਬਰ ਅਖ਼ਬਾਰਾਂ ਵਿਚ ਛਪੀ। ਹਜ਼ਾਰਾਂ ਲੋਕਾਂ ਨੇ ਚੋਪੜਾ ਸਾਹਿਬ ਨੂੰ ਖ਼ਤ ਲਿਖੇ ਕਿ ਇਕ ਮੁਸਲਮਾਨ ਹੀ ਮਿਲਿਆ ਸੀ ਮਹਾਂਭਾਰਤ ਲਿਖਵਾਉਣ ਲਈ?

ਚੋਪੜਾ ਸਾਹਿਬ ਨੇ ਸਾਰੇ ਖ਼ਤਾਂ ਨੂੰ ਰਾਹੀ ਮਾਸੂਮ ਰਜ਼ਾ ਕੋਲ ਭਿਜਵਾ ਦਿੱਤਾ।

ਖ਼ੱਤਾਂ ਦੇ ਢੇਰ ਨੂੰ ਦੇਖਣ ਤੋਂ ਬਾਅਦ, ਰਾਹੀ ਮਾਸੂਮ ਰਜ਼ਾ ਨੇ ਚੋਪੜਾ ਸਾਹਿਬ ਨੂੰ ਕਿਹਾ, "ਹੁਣ ਮੈਂ ਹੀ ਲਿਖਾਂਗਾ, ਕਿਉਂਕਿ ਮੈਂ ਗੰਗਾ ਦਾ ਪੁੱਤਰ ਹਾਂ।"

ਰਾਹੀ ਸਾਹਿਬ ਨੇ ਜਦੋਂ ਇਸ ਕਹਾਣੀ ਦੀ ਸਕਰਿਪਟ (ਡਾਇਲਾਗ) ਲਿਖੇ ਤਾਂ ਉਸ ਦੇ ਘਰੇ ਚਿੱਠੀਆਂ ਦੇ ਅੰਬਾਰ ਲਗ ਗਏ। ਲੋਕਾਂ ਨੇ ਰਾਹੀ ਸਾਹਿਬ ਦੀ ਖ਼ੂਬ ਤਰੀਫ ਕੀਤੀ

ਅਤੇ ਉਨ੍ਹਾਂ ਨੂੰ ਦੁਆਵਾਂ ਦਿੱਤੀਆਂ।

ਖ਼ਤਾਂ ਦੀਆਂ ਕਈ ਗੱਠਰੀਆਂ ਬਣ ਗਈਆਂ। ਪਰ ਇਕ ਛੋਟੀ ਜਿਹੀ ਗੱਠਰੀ ਉਨ੍ਹਾਂ ਦੀ ਮੇਜ ਦੇ ਕਿਨਾਰੇ ਸਾਰੀਆਂ ਚਿੱਠੀਆਂ ਤੋਂ ਵੱਖਰੀ ਪਈ ਸੀ।

ਉਨ੍ਹਾਂ ਦੀ ਮੇਜ ਦੇ ਕਿਨਾਰੇ ਅੱਡ ਪਈ ਹੋਈ ਖ਼ੱਤਾਂ ਦੀ ਸਭ ਤੋਂ ਛੋਟੀ ਗੱਠਰੀ ਦੇ ਬਾਰੇ, ਇਸ ਦੀ ਵਜਾਹ ਪੁੱਛਣ ਤੇ ਰਾਹੀ ਮਾਸੂਮ ਰਜ਼ਾ ਨੇ ਜਵਾਬ ਦਿੱਤਾ, 'ਇਹ ਸਭ ਖ਼ਤ ਉਹ ਨੇ, ਜਿਸ ਵਿਚ ਮੈਨੂੰ ਗਾਲ੍ਹਾਂ ਲਿਖੀਆਂ ਗਈਆਂ ਹਨ।

ਕੁਝ ਹਿੰਦੂ ਇਸ ਗੱਲ ਤੋਂ ਨਾਰਾਜ਼ ਨੇ ਕਿ ਤੁਹਾਡੀ ਹਿੰਮਤ ਕਿਵੇਂ ਹੋਈ, ਮੁਸਲਮਾਨ ਹੋ ਕੇ ਮਹਾਂਭਾਰਤ ਦੀ ਕਹਾਣੀ ਦੇ ਡਾਇਲॉਗ ਲਿਖਣ ਦੀ?

ਕੁਝ ਮੁਸਲਮਾਨ ਨਾਰਾਜ ਨੇ ਕਿ ਤੂੰ ਹਿੰਦੂਆਂ ਦੀ ਕਿਤਾਬ ਕਿਉਂ ਲਿਖੀ?

ਰਾਹੀ ਸਾਹਿਬ ਨੇ ਕਿਹਾ, "ਖ਼ਤਾਂ ਦੀ ਇਹੀ ਸਭ ਤੋਂ ਛੋਟੀ ਗੱਠਰੀ, ਦਰਅਸਲ ਮੈਨੂੰ ਹੌਂਸਲਾ ਦਿੰਦੀ ਹੈ ਕਿ ਮੁਲਕ ਵਿਚ ਬੁਰੇ ਲੋਕ ਕਿੰਨੇ ਘੱਟ ਨੇ।

◆

ਸਾਹਿਤ ਪੜ੍ਹਣ ਨਾਲ ਮੈਂ ਉਦਾਸੀ ਵਿਚੋਂ ਕਿਵੇਂ ਨਿਕਲਿਆ/ ਵਰਿੰਦਰ ਜ਼ੀਰਾ

ਹੁਣ ਸਾਹਿਤ ਪੜ੍ਹਣਾ ਮੇਰਾ ਮੁੱਖ ਸ਼ੌਕ ਹੈ। ਸਾਹਿਤ ਪੜ੍ਹਣ ਦੀ ਚੇਟਕ ਮੈਨੂੰ ਕੁਲਵੰਤ ਜ਼ੀਰਾ ਤੇ ਡਾਕਟਰ ਸ਼ਿਆਮ ਸੁੰਦਰ ਦੀਪਤੀ ਤੋਂ ਲੱਗੀ। ਜੀਵਨ ਦੇ ਸ਼ੁਰੂ ਵਾਲੇ ਸਾਲ 17–25 ਤਕ ਮੈਨੂੰ ਉਦਾਸੀ ਨੇ ਬਹੁਤ ਤੰਗ ਕੀਤਾ। ਉਪਰੰਤ ਮੇਰੀ ਮੁਲਾਕਾਤ ਕੁਲਵੰਤ ਜ਼ੀਰਾ ਨਾਲ ਹੋਈ। ਉਹਨਾਂ ਦੀ ਸਾਹਿਤ ਪੜ੍ਹਣ, ਲਿਖਣ ਵਿਚ ਬਹੁਤ ਰੁਚੀ ਸੀ। ਉਹ ਅਕਸਰ ਮੈਨੂੰ ਕਿਤਾਬਾਂ ਬਾਰੇ ਦੱਸਦੇ ਰਹਿੰਦੇ। ਉਹਨਾਂ ਤੋਂ ਮੈਨੂੰ ਸਾਹਿਤ ਪੜ੍ਹਣ ਦੀ ਚੇਟਕ ਲੱਗੀ। ਸਭ ਤੋਂ ਪਹਿਲਾਂ ਮੈਂ ਤਰਕਸ਼ੀਲ ਸਾਹਿਤ ਪੜ੍ਹਣਾ ਸ਼ੁਰੂ ਕੀਤਾ। ਫਿਰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਕਿਤਾਬਾਂ ਪੜ੍ਹਣੀਆਂ ਸ਼ੁਰੂ ਕੀਤੀਆਂ। 'ਪ੍ਰਸੰਨ ਲੰਬੀ ਉਮਰ', 'ਜ਼ਿੰਦਗੀ ਦੀ ਰਾਸ', 'ਸਾਡੇ ਵਾਰਸ', 'ਮਨੋਹਰ ਸ਼ਖ਼ਸੀਅਤ' ਅਤੇ ਹੋਰ ਕਿਤਾਬਾਂ ਪੜ੍ਹੀਆਂ। ਪ੍ਰੀਤਲੜੀ ਦਾ ਲਿਖਣ ਢੰਗ ਮੈਨੂੰ ਬਹੁਤ ਵਧੀਆ, ਸੌਖਾ ਅਤੇ ਅਰਥਭਰਪੂਰ ਲੱਗਾ। ਇਨ੍ਹਾਂ ਕਿਤਾਬਾਂ ਨਾਲ ਮੇਰਾ ਆਤਮਵਿਸ਼ਵਾਸ ਵਧਿਆ। ਮੇਰੇ ਮਨ ਵਿਚ ਹੌਲੀ–ਹੌਲੀ ਆਸ਼ਾਵਾਦੀ ਅਤੇ ਚੜ੍ਹਦੀ ਕਲਾ ਦੇ ਵਿਚਾਰ ਆਉਣੇ ਸ਼ੁਰੂ ਹੋਏ। ਕਿਤਾਬਾਂ ਪੜ੍ਹਣ ਨਾਲ ਮੇਰਾ ਦ੍ਰਿਸ਼ਟੀਕੋਣ ਵਿਗਿਆਨਕ ਅਤੇ ਆਸ਼ਾਵਾਦੀ ਬਣਿਆ। ਮੇਰੇ ਮਨ ਵਿਚ ਵਿਚਾਰ ਆਉਣ ਲੱਗੇ ਕਿ ਜੇ ਲੇਖਕ ਇਨਾ ਕੁਝ ਲਿਖ ਸਕਦੇ ਹਨ ਤਾਂ ਮੈਂ ਕਿਉਂ ਨਾ ਵਧੀਆ ਅਤੇ ਆਸ਼ਾਵਾਦੀ ਜੀਵਨ ਜੀਵਾਂ। ਹੌਲੀ–ਹੌਲੀ ਮੇਰੀ ਸਾਹਿਤ ਵਿਚ ਰੁਚੀ ਬਣ ਗਈ। ਉਪਰੰਤ ਡਾ. ਸਰੂਪ ਸਿੰਘ ਮਰਵਾਹ ਦੀਆਂ ਦੋ ਕਿਤਾਬਾਂ 'ਚਿੰਤਾ ਰੋਗ ਕਾਰਨ ਤੇ ਉਪਾਅ', 'ਮਾਨਸਿਕ ਤੇ ਸਰੀਰਕ ਖਿਚਾਉ, ਕਾਰਨ ਤੇ ਉਪਾਅ' ਪੜ੍ਹੀਆਂ। ਇਹਨਾਂ ਵਿਚ ਮਾਨਸਿਕ ਤਨਾਅ ਤੋਂ ਬਚਣ ਦੇ ਤਰੀਕੇ ਪੜ੍ਹੇ। ਫਿਰ ਵਿਸ਼ਵ ਪੱਧਰ ਦੇ ਲੇਖਕ ਪੜ੍ਹਣੇ ਸ਼ੁਰੂ ਕੀਤੇ। ਸਿਗਮੰਡ ਫਰਾਇਡ, ਚਾਰਲਸ ਡਾਰਵਿਨ, ਮੈਕਸਿਮ ਗੋਰਕੀ ਆਦਿ ਲੇਖਕ ਪੜ੍ਹੇ। ਇਹਨਾਂ ਦੇ ਪੜ੍ਹਣ ਨਾਲ ਸ਼ਬਦ ਭੰਡਾਰ, ਸ਼ਬਦ ਅਰਥ, ਜੀਵਨ ਕੀ ਹੈ, ਸਾਡਾ ਉਦੇਸ਼ ਕੀ ਹੈ ਆਦਿ ਬਹੁਤ ਸਾਰੀਆਂ ਗੱਲਾਂ ਬਾਰੇ ਜਾਣਕਾਰੀ ਹੋਈ। 'ਪਹਿਲਾ ਅਧਿਆਪਕ', 'ਬੁੱਢਾ ਤੇ ਸਮੁੰਦਰ', 'ਪਰਬਤੋਂ ਭਾਰੀ ਮੌਤ' ਆਦਿ ਕਿਤਾਬਾਂ ਨੇ ਮੈਨੂੰ ਜੀਵਨ ਸੰਘਰਸ਼ ਕਰਨ ਵਾਸਤੇ ਪ੍ਰੇਰਿਤ ਕੀਤਾ। ਮਨੋਵਿਸ਼ਲੇਸ਼ਣ ਕਿਤਾਬ ਪੜ੍ਹ ਕੇ ਮਨ ਬਾਰੇ ਵਿਸ਼ਾਲ ਜਾਣਕਾਰੀ

ਹੋਈ ਅਤੇ ਮੂਲ ਪ੍ਰਵਿਰਤੀਆਂ ਬਾਰੇ ਪਤਾ ਲੱਗਾ। 'ਜੀਵ ਦੀ ਉਤਪਤੀ' ਕਿਤਾਬ ਤੋਂ ਪਤਾ ਲੱਗਾ ਕਿ ਧਰਤੀ ਤੇ ਜੀਵਨ ਕਿਵੇਂ ਸ਼ੁਰੂ ਹੋਇਆਂ ਅਤੇ ਕਿਹੋ ਜਿਹੇ ਹਾਲਾਤਾਂ ਵਿਚੋਂ ਲੰਘਿਆ। ਇਨ੍ਹਾਂ ਕਿਤਾਬਾਂ ਨੂੰ ਪੜ੍ਹ ਕੇ ਇੰਝ ਲੱਗਦਾ ਜਿਵੇਂ ਲੇਖਕ ਮੇਰੇ ਸਾਹਵੇਂ ਹੋ ਕੇ ਸਭ ਦੱਸ ਰਿਹਾ ਹੈ।

ਜਦ ਵੀ ਕੁਝ ਸਮਾਂ ਖਾਲੀ ਮਿਲਦਾ, ਇਨ੍ਹਾਂ ਕਿਤਾਬਾਂ ਵਿਚਲੇ ਵਿਚਾਰ ਮਨ ਵਿਚ ਆਉਣੇ ਸ਼ੁਰੂ ਹੋ ਜਾਂਦੇ। ਹੌਲੀ-ਹੌਲੀ ਚੰਗੇ ਵਿਚਾਰਾਂ ਨੇ ਮਨ ਵਿਚ ਆਪਣੀ ਥਾਂ ਬਨਾਉਣੀ ਸ਼ੁਰੂ ਕਰ ਦਿੱਤੀ।

◆

ਪਰਮਜੀਤ ਪੰਮਾ ਨਾਲ ਗੁਫ਼ਤਗੂ / ਵਿਵੇਕ

ਸਾਹਿਤ ਸਭਾ ਵਿਚ ਸਾਰੇ ਹੀ ਲੇਖਕ ਹੁੰਦੇ ਹਨ। ਇਹ ਤਾਂ ਸੁਭਾਵਿਕ ਹੀ ਹੈ। ਅਧਿਆਪਕਾਂ ਦੀ ਜੱਥੇਬੰਦੀ ਵਿਚ ਅਧਿਆਪਕ ਤੇ ਡਾਕਟਰਾਂ ਦੀ ਸੰਸਥਾ ਵਿਚ ਸਾਰੇ ਡਾਕਟਰ। ਇੰਜ ਹੀ ਸਾਹਿਤ ਸਭਾਵਾਂ ਨਾਲ ਜੁੜੇ ਮੈਂਬਰ ਸਾਹਿਤਕਾਰ ਜੋ ਲਿਖਦੇ ਹਨ। ਆਪੋ ਆਪਣੀ ਰਚਨਾ ਸੁਣਾਉਂਦੇ ਹਨ ਅਤੇ ਸੁਣਦੇ ਹਨ। ਵਿਚਾਰ ਚਰਚਾ ਹੁੰਦੀ ਹੈ। ਇਸ ਸਭਾ ਵਿਚ ਪਰਮਜੀਤ ਪੰਮਾ ਮੈਨੂੰ ਕਈ ਵਾਰ ਮਿਲਿਆ। ਇਸ ਦੇ ਚਿਹਰੇ 'ਤੇ ਹਰ ਸਮੇਂ ਹਲਕੀ-ਹਲਕੀ ਮੁਸਕਾਨ ਤੈਰਦੀ ਰਹਿੰਦੀ ਹੈ। ਸਾਹਿਤ ਸਭਾ ਵਿਚ ਆਉਣਾ ਇਸ ਦਾ ਨਿਤਨੇਮ ਹੀ ਹੈ। ਸਭਾ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਪਰਮਜੀਤ ਦੇ ਕੰਮ ਵੀ ਸ਼ੁਰੂ ਹੋ ਜਾਂਦੇ ਹਨ। ਸੈਕਟਰੀ ਅਵਾਜ਼ ਮਾਰਦਾ ਹੈ, 'ਲੈ ਬਈ ਪੰਮਿਆ ਸਭ ਦੇ ਦਸਖ਼ਤ ਕਰਵਾ ਲੈ ਰਜਿਸਟਰ ਵਿਚ।' ਜਦ ਕਾਵਿ ਮਹਿਫ਼ਲ ਚਲ ਪਈ ਤਦੇ ਕੋਈ ਆਵਾਜ਼ ਮਾਰਦਾ ਹੈ, 'ਯਾਰ ਪੰਮਿਆ ਪਾਣੀ ਦਾ ਗਿਲਾਸ ਤਾਂ ਫੜਾਈਂ।' ਪ੍ਰਧਾਨ ਜੀ ਦਾ ਆਰਡਰ ਆ ਜਾਂਦਾ ਹੈ, 'ਸੁਣ ਪੰਮਿਆ, ਆਹ ਸਾਰੇ ਮੈਂਬਰ ਗਿਣ ਲੈ ਅਤੇ ਜਾ ਚਾਹ ਕਹਿ ਆ।' ਪੰਮਾ ਸਾਰੇ ਕੰਮ ਭੱਜ-ਭੱਜ ਕਰਦਾ ਹੈ। ਲੋ ਪੇਸ਼ ਹਨ, ਉਨ੍ਹਾਂ ਤੋਂ ਪੁੱਛੇ ਕੁਝ ਸਵਾਲਾਂ ਦੇ ਜਵਾਬ:

? **ਕਵਿਤਾਵਾਂ ਗੀਤ ਕਿਉ ਤੇ ਕਦੋਂ ਤੋਂ ਚੰਗੇ ਲੱਗਣ ਲੱਗੇ?**

• ਮੈਂ ਛੇਵੀਂ ਵਿਚ ਸੀ ਮੈਨੂੰ ਸਾਹਿਤਕ ਰਸਾਲੇ ਪੜ੍ਹਨ ਦਾ ਸ਼ੌਕ ਪੈ ਗਿਆ।

? **ਕੀ ਤੁਸੀਂ ਲਿਖਦੇ ਵੀ ਹੋ?**

• ਨਹੀਂ ਜੀ ਮੈਂ ਸਿਰਫ਼ ਪਾਠਕ ਹੀ ਹਾਂ। ਪੜ੍ਹਦਾ ਰਹਿੰਦਾ ਹਾਂ। ਮੈਨੂੰ ਤਰਕਸ਼ੀਲ ਸਾਹਿਤ ਪੜ੍ਹਨਾ ਚੰਗਾ ਲਗਦਾ ਹੈ।

? **ਮੀਟਿੰਗਾਂ ਲਈ ਸਮਾਂ ਕਿੰਝ ਕੱਢਦੇ ਹੋ?**

• ਐਤਵਾਰ ਮੈਂ ਸਾਹਿਤ ਸਭਾ ਲਈ ਰਾਖਵਾਂ ਹੀ ਰਖਦਾ ਹਾਂ, ਜੇ ਕੋਈ ਘਰੇਲੂ ਕੰਮ ਹੋਵੇ ਵੀ ਤਾਂ ਮੀਟਿੰਗ ਤੋਂ ਬਾਅਦ ਕਰਦਾ ਹਾਂ।

? **ਸਾਹਿਤ ਅਤੇ ਜ਼ਿੰਦਗੀ ਬਾਰੇ ਤੁਹਾਡੇ ਕੀ ਵਿਚਾਰ ਹਨ?**

• ਮੇਰੇ ਖ਼ਿਆਲ ਅਨੁਸਾਰ ਸਾਹਿਤ ਅਤੇ ਜ਼ਿੰਦਗੀ ਇੱਕ ਦੂਸਰੇ ਦੇ ਪੂਰਕ ਹਨ।

◆

ਵਿਦਿਆਰਥੀ ਕੋਨਾ

ਮੇਰੇ ਪ੍ਰੇਰਕ ਮੇਰੇ ਪਿਤਾ ਜੀ / ਅਜੇਪਾਲ ਸਿੰਘ

ਜੇ ਮਾਂ ਪਰਿਵਾਰ ਰੂਪੀ ਰੁੱਖ ਦਾ ਤਣਾਂ ਹੈ ਤਾਂ ਪਿਤਾ ਜੜ੍ਹਾਂ ਵਾਂਗ ਹੈ। ਦੋਵਾਂ ਦੇ ਜ਼ਰੀਏ ਹੀ ਸਮਾਜਿਕ ਨਿਰਮਾਣ ਹੁੰਦਾ ਹੈ। ਜੜ੍ਹ ਬਿਨਾਂ ਤਣੇ ਦੀ ਕੋਈ ਹੋਂਦ ਨਹੀਂ, ਤਣੇ ਬਿਨਾਂ ਜੜ੍ਹ ਅਰਥਹੀਣ ਹੈ ਤੇ ਇਹਨਾਂ ਦੋਵਾਂ ਬਿਨਾਂ ਫੁੱਟਦੀਆਂ ਕਰੂੰਬਲਾਂ, ਖਿੜਦੇ ਫੁੱਲਾਂ, ਰਸਦਾਰ ਫਲਾਂ ਤੇ ਲੰਮੀਆਂ ਟਹਿਣੀਆਂ ਦੀ ਹੋਂਦ ਭਾਵ ਪਰਿਵਾਰ ਦਾ ਸੰਯੋਜਨ ਅਸੰਭਵ ਹੈ।

ਅਜੇਪਾਲ ਸਿੰਘ

ਸਾਡੇ ਪਰਿਵਾਰਕ ਰੁੱਖ ਦੀ ਮੂਲ ਯਾਨਿ ਕਿ ਮੇਰੇ ਪਿਤਾ ਜੀ ਮੇਰੇ ਪ੍ਰੇਰਣਾ ਸ੍ਰੋਤ ਹਨ। ਉਹਨਾਂ ਦਾ ਨਾਮ ਸ. ਬਿੱਕਰ ਸਿੰਘ ਹੈ ਤੇ ਉਹਨਾਂ ਦਾ ਜਨਮ 2 ਮਾਰਚ 1975 ਨੂੰ ਹੋਇਆ। ਪਰਿਵਾਰ 'ਚ ਸਭ ਤੋਂ ਛੋਟਾ ਹੋਣ ਕਰਕੇ ਬਾਕੀ ਦੇ ਭਰਾਵਾਂ ਤੇ ਭੈਣ ਵਾਂਗ ਕੰਮ-ਕਾਜ ਤੇ ਲਗਾਉਣ ਦੀ ਥਾਂ ਉਹਨਾਂ ਨੂੰ ਸਕੂਲੇ ਪਾਇਆ ਗਿਆ। ਨਾਲੜੇ ਪਿੰਡ ਮਲੂਕਪੁਰ ਦੇ ਹੀ ਸਰਕਾਰੀ ਸਕੂਲ ਵਿਚ ਉਹ ਆਦਰਯੋਗ ਸ਼੍ਰੀ ਹਰੀ ਰਾਮ ਜੀ ਕੋਲ ਦੱਸਵੀਂ ਤਕ ਪੜ੍ਹੇ। ਉਹ ਅਕਸਰ ਸ਼੍ਰੀ ਹਰੀ ਰਾਮ ਜੀ ਦੇ ਸੁਭਾਅ ਅਤੇ ਸਾਦਗੀ ਬਾਰੇ ਸਾਨੂੰ ਅਕਸਰ ਗੱਲਾਂ ਦੱਸਦੇ ਰਹਿੰਦੇ ਹਨ।

ਦੱਸਵੀਂ ਤੋਂ ਬਾਅਦ ਮੇਰੇ ਪਿਤਾ ਜੀ ਨੇ ਇੱਕ ਮਿਸਤਰੀ ਦਾ ਕਿੱਤਾ ਅਪਣਾ ਲਿਆ। ਹਾਲਾਂਕਿ ਉਹ ਇੱਕ ਫੌਜੀ ਬਣਕੇ ਦੇਸ਼ ਦੀ ਸੇਵਾ ਕਰਨੀ ਚਾਹੁੰਦੇ ਸਨ, ਪਰ ਕੁੱਝ ਘਰੇਲੂ ਮੰਦੀਆਂ ਤੇ ਹਾਲਤਾਂ ਕਾਰਨ ਇਹ ਸੁਪਨਾ ਸਾਕਾਰ ਨਾ ਹੋ ਸਕਿਆ। ਇੱਥੋਂ ਹੀ ਮੇਰੇ ਪਿਤਾ ਜੀ ਦਾ ਜੀਵਨ ਸੰਘਰਸ਼ ਸ਼ੁਰੂ ਹੁੰਦਾ ਹੈ। ਗੁਜ਼ਰਦੇ ਸਮੇਂ ਨੇ ਹੌਲੀ-ਹੌਲੀ ਉਹਨਾਂ ਨੂੰ ਇੱਕ ਪਰਿਵਾਰ ਦਾ ਮੁਖੀ ਬਣਾ ਦਿੱਤਾ, ਕਿੰਨੀਆਂ ਹੀ ਜ਼ਿੰਮੇਵਾਰੀਆਂ ਮੋਢਿਆਂ 'ਤੇ ਉਲਦ ਦਿੱਤੀਆਂ। ਪਰ ਉਹਨਾਂ ਹਾਰ ਨਹੀਂ ਮੰਨੀ।

ਮੇਰੇ ਪਿਤਾ ਜੀ ਬੜੇ ਖੁਸ਼ਮਿਜ਼ਾਜ ਹਨ। ਦਿਨ ਭਰ ਥੱਕੇ ਹੋਣ ਦੇ ਬਾਵਜੂਦ ਵੀ ਉਹ ਰਾਤੀਂ ਪਰਿਵਾਰ ਨਾਲ ਬੈਠ ਕੇ ਸਮਾਂ ਬਿਤਾਉਂਦੇ ਹਨ। ਸਾਨੂੰ ਬਹੁਤ ਸਾਰੀਆਂ ਜੀਵਨ ਵਿਚ ਉਪਯੋਗੀ ਗੱਲਾਂ ਆਪਣੇ ਅਨੁਭਵ ਵਿਚੋਂ ਦੱਸਦੇ ਹਨ ਅਤੇ ਬਹੁਤ ਵਾਰੀ ਸਾਨੂੰ ਹਾਸ ਭਰਪੂਰ ਗੱਲਾਂ ਦੱਸ ਕੇ ਹਸਾਉਂਦੇ ਹਨ ਤੇ ਆਪ ਵੀ ਹੱਸਦੇ ਹਨ। ਉਹਨਾਂ ਦੀ ਇਹ ਹੀ ਮੁਸ਼ਕਿਲਾਂ 'ਚ ਹੱਸਣ ਵਾਲੀ ਆਦਤ ਮੈਨੂੰ ਪ੍ਰੇਰਣਾ ਦਿੰਦੀ ਹੈ।

ਇਸ ਤੋਂ ਇਲਾਵਾ ਉਹ ਰੋਜ਼ ਕੰਮ 'ਤੇ ਜਾਂਦੇ ਹਨ, ਕਦੇ ਛੁੱਟੀ ਨਹੀਂ ਲੈਂਦੇ। ਉਹਨਾਂ ਦੀ ਇਹੀ ਅਥਕ ਮਿਹਨਤ ਮੈਨੂੰ ਮੇਰੇ ਕਾਰਜਾਂ ਵਿਚ ਨਿਰੰਤਰਤਾ ਬਣਾਉਣ ਲਈ ਪ੍ਰੇਰਦੀ ਹੈ।

ਮੇਰੇ ਪਿਤਾ ਜੀ ਆਪਣੇ ਸਭਿਆਚਾਰ ਪ੍ਰਤੀ ਬੜਾ ਲਗਾਵ ਰਖਦੇ ਹਨ। ਮੈਂ ਉਹਨਾਂ ਨੂੰ ਅਕਸਰ ਗੁਰਦਾਸ ਮਾਨ ਤੇ ਮੁਹੰਮਦ ਸਦੀਕ ਦੇ ਗਾਣੇ ਗੁਣਗੁਣਾਉਂਦੇ ਸੁਣਿਆ ਹੈ। ਮੌਜੂਦਾ ਪੰਜਾਬੀ ਗਾਇਕੀ ਵਿਚ ਉਹਨਾਂ ਦੀ ਕੋਈ ਰੁਚੀ ਨਹੀਂ ਹੈ। ਉਹ ਸਾਨੂੰ ਵੀ ਹਮੇਸ਼ਾ ਸੱਭਿਆਚਾਰ ਨਾਲ ਜੁੜੇ ਰਹਿਣ ਦੀ ਸਿੱਖਿਆ ਦਿੰਦੇ ਹਨ।

ਉਹ ਕੁੜੀ ਮੁੰਡੇ ਵਿਚ ਕੋਈ ਫਰਕ ਨਹੀਂ ਰੱਖਦੇ, ਮੇਰੀਆਂ ਭੈਣਾਂ ਵੀ ਓਨਾ ਹੀ ਪੜ੍ਹ ਰਹੀਆਂ ਹਨ ਜਿੰਨਾ ਕਿ ਮੈਂ। ਉਹਨਾਂ ਕਦੇ ਆਪਣੀ ਇੱਛਾਵਾਂ ਸਾਡੇ ਉਪਰ ਥੋਪੀਆਂ ਨਹੀਂ। ਉਹਨਾਂ ਸਾਨੂੰ ਕਦੇ ਆਪਣੇ ਸੁਪਨਿਆਂ ਦੇ ਸਾਂਚੇ 'ਚ ਢਾਲਣ ਦੀ ਕੋਸ਼ਿਸ਼ ਨਹੀਂ

ਕੀਤੀ। ਉਹ ਅਕਸਰ ਕਹਿੰਦੇ ਹਨ, "ਤੁਸੀਂ ਜੋ ਹੋਣਾ ਚਾਹੁੰਦੇ ਹੋ, ਹੋਵੋ, ਮੈਂ ਤੁਹਾਡੀ ਮਦਦ ਕਰਾਂਗਾ।" ਸੱਚਮੁੱਚ ਪਿਆਰ ਦਾ ਸਹੀ ਮਤਲਬ ਮੈਂ ਉਹਨਾਂ ਤੋਂ ਸਮਝਿਆ ਹੈ। ਸੁਭਾਅ ਪੱਖੋਂ ਨਿਮਰ ਹੋਣ ਕਰਕੇ ਮੈਂ ਅੱਜ ਤਕ ਉਹਨਾਂ ਨੂੰ ਕਦੇ ਕਿਸੇ ਨਾਲ ਲੜਦੇ-ਝਗੜਦੇ ਨਹੀਂ ਦੇਖਿਆ। ਮੇਰੇ ਦਾਦੀ ਜੀ ਪ੍ਰਤੀ ਉਹਨਾਂ ਦਾ ਲੁਕਾਅ ਅਜੇ ਵੀ ਉਹੀ ਹੈ ਜੋ ਕਿ ਕਿਸੇ ਬੱਚੇ ਦਾ ਹੁੰਦਾ ਹੈ। ਮੇਰੇ ਮਾਤਾ ਜੀ ਨਾਲ ਜਦ ਵੀ ਉਹ ਕਿਸੇ ਪਰਿਵਾਰਕ ਮਸਲੇ 'ਤੇ ਗੱਲ ਕਰਦੇ ਹਨ ਤਾਂ ਦਾਦਾ ਜੀ ਦੀ ਵੀ ਸਲਾਹ ਲੈਂਦੇ ਹਨ।

ਸੱਚਮੁੱਚ! ਮੇਰੀ ਸ਼ਖ਼ਸੀਅਤ ਦੇ ਨਿਰਮਾਣ ਵਿਚ ਮੇਰੇ ਪਿਤਾ ਜੀ ਦਾ ਬਹੁਤ ਵੱਡਾ ਹੱਥ ਹੈ। ਉਹਨਾਂ ਦਾ ਮੁਸ਼ਕਿਲਾਂ ਵਿਚ ਹੱਸਣਾ, ਸੱਚਾਈ ਤੇ ਚੱਲਣਾ, ਸਭਿਆਚਾਰ ਨਾਲ ਜੁੜੇ ਹੋਣਾ, ਅਥਕ ਮਿਹਨਤ ਕਰਨਾ ਅਤੇ ਪਰਿਵਾਰ ਪ੍ਰਤੀ ਪ੍ਰੇਮ ਮੈਨੂੰ ਹਮੇਸ਼ਾ ਦ੍ਰਿੜ੍ਹਤਾ ਦਿੰਦਾ ਹੈ। ਮੈਂ ਉਹਨਾਂ ਲਈ ਕਿਸੇ ਪਰਮਾਤਮਾ ਤੋਂ ਕੁੱਝ ਨਹੀਂ ਮੰਗਾਂਗਾ, ਕਿਉਂਕਿ ਮੇਰੇ ਪਰਮਾਤਮਾ ਉਹ ਖੁਦ ਹਨ। ਬਾਕੀ ਰਹੀ ਖੁਸ਼ੀਆਂ ਦੀ ਗੱਲ ਤਾਂ ਆਪਣੇ ਪੈਰਾਂ 'ਤੇ ਖੜ੍ਹਾ ਹੋ ਕੇ ਉਹਨਾਂ ਨੂੰ ਹਰ ਖੁਸ਼ੀ ਦੇਣ ਦੀ ਕੋਸ਼ਿਸ਼ ਮੈਂ ਆਪ ਕਰਾਂਗਾ।

❀

ਜ਼ਮਾਨੇ ਨੂੰ ਸਿਧਾਂਤ ਨਹੀਂ ਸ਼ਖ਼ਸੀਅਤਾਂ ਬਦਲਦੀਆਂ ਨੇ / ਬਖਸ਼ਵੀਰ ਕੌਰ

ਕਿਸੇ ਨੇ ਇਹ ਬਹੁਤ ਵਧੀਆ ਲਿਖਿਆ ਹੈ। ਹਰ ਵਿਅਕਤੀ ਕਿਸੇ ਨਾ ਕਿਸੇ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੁੰਦਾ ਹੈ, ਮਤਲਬ ਹਰ ਕਿਸੇ ਦੀ ਜ਼ਿੰਦਗੀ ਵਿਚ ਕੋਈ ਨਾ ਕੋਈ ਉਸਨੂੰ ਪ੍ਰੇਰਿਤ ਕਰਦਾ ਹੈ। ਉਹ ਚਾਹੇ ਅਧਿਆਪਕ, ਮਾਂ-ਬਾਪ ਜਾਂ ਕੋਈ ਹੋਰ ਹੋ ਸਕਦਾ ਹੈ। ਜਿਸਦੀ ਜ਼ਿੰਦਗੀ ਦਾ ਤਜ਼ਰਬਾ ਕੋਈ ਸਿੱਖਦਾ ਹੈ ਤੇ ਉਸਦੇ ਸਲੀਕੇ ਅਤੇ ਗੁਣਾਂ ਨੂੰ ਆਪਣੇ ਅੰਦਰ ਢਾਲਦਾ ਹੈ। ਉਸੇ ਤਰ੍ਹਾਂ ਹੀ ਮੇਰੀ ਜ਼ਿੰਦਗੀ ਨੂੰ ਵੀ ਪ੍ਰੇਰਿਤ ਕਰਨ ਵਾਲੇ ਮੇਰੇ ਪਿਤਾ ਜੀ ਹਨ। ਜਿੰਨ੍ਹਾਂ ਤੋਂ ਮੈਂ ਜ਼ਿੰਦਗੀ ਜਿਊਣ ਦੀ ਪ੍ਰੇਰਣਾ ਲੈਂਦੀ ਹਾਂ।

ਬਖਸ਼ਵੀਰ ਕੌਰ

ਮੇਰੇ ਪਿਤਾ ਜੀ ਦਾ ਨਾਂ ਸ. ਬਲਦੇਵ ਸਿੰਘ ਜੀ ਜੋ ਅੱਜ ਤਕ ਆਪਣੀ ਜ਼ਿੰਦਗੀ ਨਾਲ ਸੰਘਰਸ਼ ਕਰਦੇ ਆਏ ਹਨ। ਮੈਂ ਅੱਜ ਜੋ ਵੀ ਹਾਂ ਉਨ੍ਹਾਂ ਦੀ ਬਦੌਲਤ ਹੀ ਹਾਂ। ਇੱਕ ਪਿਤਾ ਹੀ ਹਰ ਇੱਕ ਦੀ ਜ਼ਿੰਦਗੀ ਦਾ ਪ੍ਰੇਰਿਤ ਕਰਤਾ ਹੁੰਦਾ ਹੈ। ਮੇਰੇ ਪਿਤਾ ਜੀ ਮੈਨੂੰ ਜ਼ਿੰਦਗੀ ਦੇ ਹਰ ਔਖੇ ਸੌਖੇ ਮੋੜ 'ਤੇ ਪ੍ਰੇਰਿਤ ਕਰਦੇ ਹਨ। ਉਹ ਬਹੁਤ ਹੀ ਸ਼ਾਤ ਸੁਭਾਅ ਦੇ ਮਾਲਕ ਹਨ। ਉਹ ਸੱਚ ਦੇ ਸਾਥੀ ਹਨ। ਉਨ੍ਹਾਂ ਨੇ ਮੈਨੂੰ ਵੀ ਸੱਚ ਦਾ ਸਾਥ ਦੇਣਾ ਸਿਖਾਇਆ। ਉਹ ਅਕਸਰ ਕਹਿੰਦੇ ਹਨ ਜੇਕਰ ਕੋਈ ਕੁੱਝ ਕਹੇ ਤਾਂ ਉਸਦੇ ਅੱਗੇ ਨਹੀਂ ਬੋਲਣਾ ਚਾਹੀਦਾ ਹੈ ਸਗੋਂ ਚੁੱਪ-ਚਾਪ ਸੁਣ ਕੇ ਆਪਣੇ ਰਾਹ ਲੱਗਣਾ ਚਾਹੀਦਾ ਹੈ ਤਾਂ ਜੋ ਬੋਲਣ ਵਾਲਾ ਵੀ ਸੋਚਣ ਲਈ ਮਜ਼ਬੂਰ ਹੋ ਜਾਵੇ ਕਿ ਇਹ ਕੁਝ ਬੋਲਿਆ ਕਿਉਂ ਨਹੀਂ। ਉਹ ਕਿਸੇ ਨੂੰ ਵੀ ਮੰਦਾ ਚੰਗਾ ਨਹੀਂ ਬੋਲਦੇ ਸਗੋਂ ਸਭ ਨਾਲ ਪਿਆਰ ਨਾਲ ਰਹਿੰਦੇ ਹਨ। ਉਹ ਗਲਤ ਕਰਨ ਵਾਲਿਆਂ ਦਾ ਜਵਾਬ ਵੀ ਬੁਰਾਈ ਨਾਲ ਨਹੀਂ ਸਗੋਂ ਆਪਣੀ ਚੰਗਿਆਈ ਨਾਲ ਦਿੰਦੇ ਹਨ।

ਉਹਨਾਂ ਨੇ ਨਾ ਕੇਵਲ ਹਿਸਾਬ ਦੇ ਫਾਰਮੂਲੇ ਹੀ ਨਹੀਂ ਦੱਸੇ ਸਗੋਂ ਰਿਸ਼ਤਿਆਂ ਦੀ ਜਿਉਮੈਟਰੀ ਅਤੇ ਜ਼ਿੰਦਗੀ ਦਾ ਅਲਯਬਰਾ ਵੀ ਸਮਝਾਇਆ ਹੈ। ਉਨ੍ਹਾਂ ਵਿਚ ਰਿਸ਼ਤੇ ਨਿਭਾਉਣ ਦਾ ਗੁਣ ਵੀ ਸ਼ਾਮਿਲ ਹੈ। ਉਹ ਹਰ ਰਿਸ਼ਤੇ ਨੂੰ ਸਮਝਦੇ ਹਨ। ਉਹ ਮੈਨੂੰ ਹਰ

ਰਿਸ਼ਤੇ ਨੂੰ ਨਿਭਾਉਣ ਦੀ ਸੂਝ ਦਿੰਦੇ ਹਨ। ਉਹ ਅੰਧ-ਵਿਸ਼ਵਾਸਾਂ ਤੋਂ ਦੂਰ ਹਨ। ਉਹ ਹਰ ਗੱਲ ਦਾ ਫੈਸਲਾ ਤਰਕ ਤੇ ਸੂਝ-ਬੂਝ ਨਾਲ ਕਰਦੇ ਹਨ। ਉਹ ਮੈਨੂੰ ਵੀ ਹਰ ਫੈਸਲੇ ਨੂੰ ਸੋਚ ਸਮਝ ਕੇ ਲੈਣ ਦੀ ਪ੍ਰੇਰਣਾ ਦਿੰਦੇ ਹਨ। ਚਾਹੇ ਉਹ ਜ਼ਿਆਦਾ ਨਹੀਂ ਸਗੋਂ ਦਸ ਹੀ ਪੜ੍ਹੇ ਹਨ। ਪਰ ਉਹ ਫਿਰ ਵੀ ਦੁਨੀਆ ਦੀ ਸੋਚ ਤੋਂ ਵੱਖ ਸੋਚ ਰੱਖਦੇ ਹਨ। ਉਹ ਕੁੜੀ ਮੁੰਡੇ ਵਿਚ ਕੋਈ ਫਰਕ ਨਹੀਂ ਸਮਝਦੇ ਹਨ। ਉਹਨਾਂ ਨੇ ਮੈਨੂੰ ਅਤੇ ਮੇਰੀ ਭੈਣ ਨੂੰ ਪੁੱਤਾਂ ਵਾਂਗ ਹੀ ਪਾਲਿਆ ਹੈ। ਉਹਨਾਂ ਨੇ ਸਾਨੂੰ ਕਦੇ ਵੀ ਫ਼ਰਕ ਮਹਿਸੂਸ ਨਹੀਂ ਹੋਣ ਦਿੱਤਾ। ਉਹ ਮਾੜੀ ਸੋਚ ਦੇ ਹੱਕਦਾਰ ਨਹੀਂ ਹਨ। ਉਹ ਸਾਨੂੰ ਦੁਨੀਆਦਾਰੀ ਸਿਖਾਉਂਦੇ ਹਨ।

ਉਹ ਸੱਚ ਅਤੇ ਇਮਾਨਦਾਰੀ ਦੀ ਰੋਟੀ ਖਾਂਦੇ ਹਨ। ਉਹ ਹੱਕ ਦੀ ਕਮਾਈ ਵਿਚ ਯਕੀਨ ਕਰਦੇ ਹਨ। ਉਹ ਮੈਨੂੰ ਵੀ ਹੱਕ ਦੀ ਕਮਾਈ ਕਰਨਾ ਸਿਖਾਉਂਦੇ ਹਨ। ਇੱਕ ਵਾਰ ਇੱਕ ਘਟਨਾ ਵਾਪਰੀ ਕਿਸੇ ਨੇ ਸਾਡੇ ਖੇਤ ਵਿਚ ਤਾਰ ਦਾ ਪਾ ਕੇ ਮੋਟਰ ਚਲਾਈ ਸੀ। ਜਦੋਂ ਅਸੀਂ ਇੱਕ ਦਿਨ ਜ਼ਰੂਰਤ ਪੈਣ ਤੇ ਉਸ ਤਾਰ ਦਾ ਪ੍ਰਯੋਗ ਕੀਤਾ ਤਾਂ ਉਹਨਾਂ ਨੇ ਤਾਰ ਪੱਟ ਦਿੱਤੀ ਤਾਂ ਪਿਤਾ ਜੀ ਨੇ ਲੜਾਈ ਦਾ ਵਿਰੋਧ ਕਰਦੇ ਹੋਏ ਉਹਨਾਂ ਨੂੰ ਕਿਹਾ ਕਿ "ਉਹ ਚੁੱਪ- ਚਾਪ ਤਾਰ ਬਾਹਰ ਕੱਢ ਲੈਣ।" ਇਸ ਤਰ੍ਹਾਂ ਉਹ ਕਿਸੇ ਨੂੰ ਮੰਦਾ ਬੋਲਣ ਦੀ ਬਜਾਏ ਸ਼ਾਤ-ਸੁਭਾਅ ਨਾਲ ਗੱਲ ਨੂੰ ਸਮਝਾਉਂਦੇ ਹਨ। ਉਹ ਚਾਹੁੰਦੇ ਤਾਂ ਲੜਾਈ ਵੀ ਕਰ ਸਕਦੇ ਸੀ। ਇਸ ਤਰ੍ਹਾਂ ਮੈਂ ਉਹਨਾਂ ਤੋਂ ਪ੍ਰੇਰਿਤ ਹਾਂ।

ਉਹ ਪਰਿਵਾਰ ਵਿਚ ਬਹੁਤ ਹੀ ਪਿਆਰ ਨਾਲ ਰਹਿੰਦੇ ਹਨ। ਘਰ ਦੇ ਮੁਖੀ ਹੋਣ ਕਰਕੇ ਉਹਨਾਂ ਨੇ ਪਰਿਵਾਰ ਨੂੰ ਜੋੜ ਰੱਖਿਆ ਹੈ। ਉਹ ਆਪਣੇ ਮਾਤਾ ਜੀ ਨੂੰ ਵੀ ਬਹੁਤ ਪਿਆਰ ਕਰਦੇ ਹਨ। ਜੇਕਰ ਘਰ ਵਿਚ ਕੋਈ ਲੜਾਈ ਹੋ ਜਾਵੇ ਤਾਂ ਉਹ ਇੱਕ ਪੱਖ ਦੀ ਬਜਾਏ ਦੋਹਾਂ ਪੱਖਾਂ ਦੀ ਗੱਲ ਸੁਲਝਾਉਂਦੇ ਹਨ। ਉਹ ਬੇਈਮਾਨੀ, ਰਿਸ਼ਵਤਖੋਰੀ, ਝੂਠ ਤੋਂ ਦੂਰ ਹਨ। ਉਹ ਚਾਹੇ ਮਿਡਲ ਪਰਿਵਾਰ ਵਿਚ ਰਹਿੰਦੇ ਹਨ ਪਰ ਉਹ ਜ਼ਰੂਰਤਮੰਦਾਂ ਦੀ ਮਦਦ ਕਰਦੇ ਹਨ। ਮੈਂ ਉਹਨਾਂ ਦੇ ਗੁਣ ਆਪਣੇ ਅੰਦਰ ਅਪਨਾਉਣ ਦੀ ਕੋਸ਼ਿਸ ਕਰ ਰਹੀ ਹਾਂ ਤੇ ਉਹਨਾਂ ਦੇ ਸਿਖਾਏ ਅਨੁਸਾਰ ਸੱਚ, ਇਮਾਨਦਾਰੀ, ਨੇਕੀ ਅਤੇ ਤਰਕ 'ਤੇ ਚੱਲਣ ਦੀ ਕੋਸ਼ਿਸ਼ ਕਰ ਰਹੀ ਹਾਂ। ਉਹਨਾਂ ਅਨੁਸਾਰ ਮੈਂ ਵੀ ਵੱਡਿਆਂ ਨੂੰ ਸਤਿਕਾਰ ਅਤੇ ਸਭ ਨਾਲ ਪਿਆਰ ਨਾਲ ਰਹਿੰਦੀ ਹਾਂ।

❀

ਸਫ਼ਾ 63 ਦਾ ਬਾਕੀ →

ਕੁਝ ਨਾ ਕੁਝ ਲਿਖ ਕੇ ਲਿਆਉਣ ਲਈ ਕਹਾਂਗੇ। ਉਨ੍ਹਾਂ ਨੇ ਹਰ ਇਕ ਬੱਚੇ ਨੂੰ ਇਸ ਮੈਗਜ਼ੀਨ ਜੁੜਣ ਲਈ ਪ੍ਰੇਰਿਆ ਅਤੇ ਜੋਰ ਦਿੱਤਾ ਕਿ ਇਸ ਨੂੰ ਉਹ ਆਪਣੀ ਲਾਇਬ੍ਰੇਰੀ ਦਾ ਹਿੱਸਾ ਬਣਾਉਣ। ਇਥੇ ਇਸ ਗੱਲ ਦਾ ਜ਼ਿਕਰ ਵੀ ਕਰਨਾ ਬਣਦਾ ਹੈ ਕਿ ਇਸ ਸਕੂਲ ਵਿਚ ਬੱਚਿਆਂ ਨੂੰ ਕਿਤਾਬਾਂ ਪੜ੍ਹਣ ਦੀ ਲੱਤ ਪਹਿਲਾਂ ਹੀ ਲੱਗੀ ਤੇ ਉਨ੍ਹਾਂ ਦੇ ਹੋਸਟਲ ਵਾਲੇ ਕਮਰੇ ਵਿਚ, ਇਕ ਖਾਨਾ, ਸਿਲੇਬਸ ਤੋਂ ਅਲੱਗ ਹੋਰ ਚੰਗੀਆਂ ਕਿਤਾਬਾਂ ਲਈ ਬਣਾਉਣ ਲਈ ਕਿਹਾ ਜਾਂਦਾ ਹੈ।

ਇਸ ਸਕੂਲ ਵਿਚ ਜਦੋਂ ਵੀ ਕੋਈ ਪੁਸਤਕ ਪ੍ਰਦਰਸ਼ਨੀ ਲਗਾਉਂਦਾ ਹੈ, ਉਹ ਇਕ ਦਿਨ ਵਿਚ ਹੀ ਹਜ਼ਾਰਾਂ ਰੁਪਏ ਦੀਆਂ ਪੁਸਤਕਾਂ ਵੇਚ ਜਾਂਦਾ ਹੈ।

❀

'ਗੁਫ਼ਤਗੂ' ਦਾ ਪਹਿਲਾ ਅੰਕ (ਪਹਿਲਾ ਅਹਿਦ)

ਡਾ. ਸ਼ਿਆਮ ਸੁੰਦਰ ਦੀਪਤੀ ਜਿਹੜਾ ਵੀ ਕੰਮ ਕਰਦਾ ਹੈ, ਪੂਰੀ ਲਗਨ, ਮਿਹਨਤ, ਸੁਹਿਰਦਤਾ ਅਤੇ ਸਮਰਪਣ ਭਾਵਨਾ ਨਾਲ ਕਰਦਾ ਹੈ। ਉਸਨੇ ਕਹਾਣੀ, ਮਿੰਨੀ ਕਹਾਣੀ ਅਤੇ ਵਾਰਤਕ ਲਿਖ ਕੇ ਇਨ੍ਹਾਂ ਵਿਧਾਵਾਂ ਵਿਚ ਆਪਣਾ ਸਥਾਨ ਬਣਾਇਆ। ਉਸ ਵੱਲੋਂ ਸੰਪਾਦਿਤ ਮਿੰਨੀ ਕਹਾਣੀ ਨੂੰ ਸਮਰਪਿਤ ਪੱਤਰਿਕਾ 'ਮਿੰਨੀ' ਦਾ ਸਾਹਿਤਕ ਹਲਕਿਆਂ ਵਿਚ ਜ਼ਿਕਰ ਹੁੰਦਾ ਹੈ।

ਹੁਣ ਡਾ. ਦੀਪਤੀ ਨੇ ਇਕ ਨਿਵੇਕਲੀ ਪਹਿਲ ਕਰਦਿਆਂ ਚਹੁਮਾਸਿਕ ਮੈਗਜ਼ੀਨ 'ਗੁਫ਼ਤਗੂ' ਦੀ ਪ੍ਰਕਾਸ਼ਨਾ ਆਰੰਭ ਕੀਤੀ ਹੈ। ਇਸ ਦਾ ਪਲੇਠਾ ਅੰਕ (ਜਨਵਰੀ 2020) ਆਪਣੇ ਅਗਲੇ ਸਫ਼ਰ ਦੀ ਗਵਾਹੀ ਭਰਦਾ ਹੈ। ਪਹਿਲੇ ਅੰਕ ਵਿਚ ਹੀ ਸਾਲ ਦੇ ਤਿੰਨਾਂ ਅੰਕਾਂ ਦੀ ਵਿਸਤ੍ਰਿਤ ਰੂਪ ਰੇਖਾ ਉਲੀਕ ਲਈ ਗਈ ਹੈ।

ਜਨਵਰੀ 2020 ਅੰਕ – ਨਵੀਂ ਸਵੇਰ
(ਜੋ ਸੱਚ-ਮੁੱਚ ਨਵੀਂ ਸਵੇਰ ਦੇ ਰੂਪ ਵਿਚ ਹਾਜ਼ਰ ਹੈ)
ਮਈ-ਅਗਸਤ ਅੰਕ – ਵਿਚਾਰਕ ਅੰਕ (ਮਾਰਕਸ ਦੇ ਚਿੰਤਨ ਨੂੰ ਸਮਰਪਿਤ)
ਸਤੰਬਰ-ਦਸੰਬਰ ਅੰਕ – ਸੰਘਰਸ਼ ਅੰਕ
(ਸ਼ਹੀਦ ਭਗਤ ਸਿੰਘ ਚਿੰਤਨ ਨੂੰ ਸਮਰਪਿਤ)

ਇਸ ਅੰਕ ਦੀ ਵਿਸ਼ੇਸ਼ ਅਤੇ ਨਿਵੇਕਲੀ ਪ੍ਰਾਪਤੀ ਹੀ ਗੁਫ਼ਤਗੂ ਹੈ, ਕੁਝ ਵਿਚਾਰ ਪੜ੍ਹੋ-

- ਗੁਫ਼ਤਗੂ ਦੀ ਜ਼ਿੰਦਗੀ ਵਿਚ ਖਾਸ ਥਾਂ ਹੈ, ਜੇਕਰ ਅਸੀਂ ਸਮਾਜਿਕ ਜੀਵ ਹਾਂ, ਮਿਲ ਕੇ ਦੂਸਰੇ ਦੀ ਮਦਦ ਕਰਨ ਅਤੇ ਮਦਦ ਲੈਣ ਦੇ ਚਾਹਵਾਨ।
- ਗੁਫ਼ਤਗੂ ਜ਼ਰੀਆ ਹੈ ਆਪਣੇ ਆਲੇ-ਦੁਆਲੇ ਨੂੰ ਜਾਨਣ ਦਾ ਤੇ ਆਪਣੇ ਆਪ ਨੂੰ ਸਮਝਣ ਦਾ।
- ਗੁਫ਼ਤਗੂ ਵਿਚ ਸਭ ਤੋਂ ਮਹੱਤਵਪੂਰਨ ਹੈ ਕਿ ਉਹ ਸੁਨਣ ਦੀ ਕੋਸ਼ਿਸ਼ ਕਰੋ, ਜੋ ਕਿਹਾ ਨਹੀਂ ਗਿਆ।
- ਆਪਸੀ ਭੰਬਲਭੂਸੇ, ਮੱਤਭੇਦ ਅਤੇ ਗ਼ਲਤਫਹਿਮੀ ਨੂੰ ਦੂਰ ਕਰਨ ਦਾ ਇਕੋ ਹੀ ਸਾਰਥਕ ਤਰੀਕਾ ਹੈ - ਗੱਲਬਾਤ।

ਇਨ੍ਹਾਂ ਗੱਲਾਂ ਨੂੰ ਮੁੱਖ ਰੱਖਦਿਆਂ ਹੀ ਇਸ ਅੰਕ ਵਿਚ ਕੁਝ ਨਿਵੇਕਲੀਆਂ ਸ਼ਖ਼ਸੀਅਤਾਂ ਨਾਲ ਗੁਫ਼ਤਗੂ ਕੀਤੀ ਗਈ ਹੈ—

ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਤੁਗਲਵਾਲ ਦੇ 'ਸੱਚ ਦੇ ਸਕੂਲ' ਦੇ ਸੰਚਾਲਕ ਸਵਰਨ ਸਿੰਘ, ਜਮਹੂਰੀ ਅਧਿਕਾਰ ਸਭਾ ਨਾਲ ਜੁੜੇ ਸਤੀਸ਼ ਸਚਦੇਵਾ, ਸਰਕਾਰੀ ਹਸਪਤਾਲ ਅੰਮ੍ਰਿਤਸਰ ਦੇ ਸਫ਼ਾਈ ਸੇਵਕ ਧਰਮਿੰਦਰ ਸਿੰਘ, ਉੱਤਰ ਪ੍ਰਦੇਸ਼ ਦੇ ਪਿੰਡ ਤੋਂ ਅੰਮ੍ਰਿਤਸਰ ਆ ਕੇ ਸਬਜ਼ੀ ਦੀ ਰੇਹੜੀ ਤੋਂ ਸ਼ੁਰੂ ਕਰਕੇ ਇੰਸਟੀਚਿਊਟ ਆੱਫ ਬਿਜ਼ਨਸ ਮੈਨੇਜਮੈਂਟ ਪੂਨੇ ਤੋਂ ਪੜ੍ਹਾਈ ਕਰਕੇ ਰਿਲਾਇੰਸ ਕੰਪਨੀ ਦੇ ਮੁੱਖ ਦਫ਼ਤਰ ਵਿਚ ਸਹਾਇਕ ਮੈਨੇਜਰ ਦੀ

ਆਸਾਮੀ ਤਕ ਪਹੁੰਚਣ ਵਾਲੇ ਅਜਿੱਤ ਅਤੇ ਐਮ.ਬੀ.ਬੀ.ਐਸ. ਦੇ ਤੀਸਰੇ ਸਾਲ ਦੀ ਵਿਦਿਆਰਥਣ ਪ੍ਰਤਿਭਾ ਨਾਲ ਗੁਫ਼ਤਗੂ ਕੀਤੀ ਗਈ ਹੈ।

ਇਹ ਸਾਰੀਆਂ ਮੁਲਾਕਾਤਾਂ ਡਾ. ਦੀਪਤੀ ਦੀ ਸੋਚ ਅਤੇ ਅਗਾਂਹਵਧੂ ਵਿਚਾਰਧਾਰਾ ਅਤੇ ਚਿੰਤਨ ਦਾ ਪ੍ਰਗਟਾਵਾ ਕਰਦੀਆਂ ਹਨ। ਘਰ ਪਰਿਵਾਰ ਅਤੇ ਸਮਾਜ ਨੂੰ ਚੰਗੇਰਾ ਅਤੇ ਹੋਰ ਚੰਗੇਰਾ ਬਣਾਉਣ ਦਾ ਸੁਨੇਹਾ ਦਿੰਦੀਆਂ ਹਨ।

ਇਸ ਅੰਕ ਵਿਚ ਸ਼ਬਦ ਚਿੱਤਰ, ਕਵਿਤਾਵਾਂ, ਮਿੰਨੀ ਕਹਾਣੀਆਂ ਤੋਂ ਇਲਾਵਾ ਸ਼ਹੀਦ ਭਗਤ ਸਿੰਘ ਦੇ ਪੱਤਰ ਵੀ ਸ਼ਾਮਲ ਹਨ।

ਸ਼ਿਖਾ ਗਰਗ ਨੇ ਆਪਣੇ ਪਤੀ ਜਗਦੀਸ਼ ਰਾਏ ਕੁਲਰੀਆਂ ਬਾਰੇ ਮਨ ਦੀਆਂ ਗੱਲਾਂ ਕੀਤੀਆਂ ਹਨ।

ਇਹ ਅੰਕ ਪੜ੍ਹਨ ਅਤੇ ਸਾਂਭਣਯੋਗ ਹੈ।

-ਸੁਰਿੰਦਰ ਰਾਮਪੁਰੀ

◆

ਗੁਫ਼ਤਗੂ ਦਾ ਪਹਿਲਾ ਅੰਕ ਮਿਲਿਆ। ਪੜ੍ਹ ਕੇ ਬੜੀ ਖੁਸ਼ੀ ਹੋਈ ਇਸ ਨਵੇਕਲੀ ਪਹਿਲ ਲਈ ਅਦਾਰਾ ਗੁਫ਼ਤਗੂ ਨੂੰ ਬਹੁਤ ਬਹੁਤ ਮੁਬਾਰਕਾਂ!! ਰਸਾਲੇ ਦੇ ਮਸੌਦੇ ਦੀ ਵਿਉਂਤਬੰਦੀ ਕਾਬਲ-ਏ-ਤਾਰੀਫ਼ ਹੈ। ਸਮੇਂ ਦੀ ਘਾਟ ਕਾਰਨ ਅੱਜ-ਕਲ ਲੋਕ ਸੰਖੇਪ ਲੇਖਾਂ ਨੁਕਤਿਆਂ, ਮੁਲਾਕਾਤਾਂ ਅਤੇ ਸੁਆਲਾਂ ਜੁਆਬਾਂ ਨੂੰ ਵਧੇਰੇ ਪੜ੍ਹਦੇ ਹਨ।

ਆਪ ਨੇ ਪਾਠਕਾਂ ਦੀ ਨਬਜ਼ ਨੂੰ ਟੋਂਹਦੇ ਪਹਿਲੇ ਅੰਕ ਤੋਂ ਹੀ ਇਹ ਉਪਰਾਲਾ ਸ਼ੁਰੂ ਕਰ ਦਿੱਤਾ ਹੈ।

ਧੰਨਵਾਦ

ਡਾ. ਸੀ.ਪੀ. ਕੰਬੋਜ, ਪੰਜਾਬੀ ਯੂਨੀਵਰਸਿਟੀ, ਪਟਿਆਲਾ

◆

ਗੁਫ਼ਤਗੂ ਡਾ.ਸ਼ਿਆਮ ਸੁੰਦਰ ਦੀਪਤੀ ਦਾ ਨਵਾਂ ਸੁਪਨਾ ਹੈ। ਸਾਡੇ ਆਲੇ-ਦੁਆਲੇ ਅਣਦੇਖੀ ਦਾ ਸ਼ਿਕਾਰ ਅਨੇਕਾਂ ਅਜਿਹੇ ਪਾਤਰ ਹਨ ਜਿਹੜੇ ਜ਼ਿੰਦਗੀ ਜਿਊਣ ਦੀ ਚਾਹਤ ਨਾਲ ਭਰੇ ਪਏ ਹਨ। ਉਨ੍ਹਾਂ ਪਾਤਰਾਂ ਨਾਲ ਗੁਫ਼ਤਗੂ ਕਰਨੀ ਹੀ ਡਾ. ਦੀਪਤੀ ਦੀ ਖ਼ਾਹਿਸ਼ ਹੈ। ਇਹ ਜ਼ਰੀਆ ਹੈ ਹੋਰਾਂ ਦੇ ਨਾਲ ਆਪਣੇ ਆਪ ਨੂੰ ਜਾਨਣ ਦਾ ਵੀ। ਮੁਲਾਕਾਤ, ਮੇਰੀ ਨਜ਼ਰੇ, ਸਵੈ ਕਥਨ, ਲੇਖਕ ਪਤੀ ਨਾਲ, ਮੇਰੀ ਕਹਾਣੀ ਦੇ ਪਾਤਰ, ਜੀਵਨੀ ਦੇ ਅੰਸ਼ ਅਤੇ ਜੀਵਨ ਦਾ ਕੋਈ ਯਾਦਗਾਰੀ ਪਲ ਇਸ ਗੁਫ਼ਤਗੂ ਦੇ ਸਬੱਬ ਸਿਰਜਿਆ ਕਰਨਗੇ। ਪਹਿਲੇ ਅਹਿਦ ਵਿਚ ਯੂ. ਪੀ. ਦੇ ਪਿੰਡ ਤੋਂ ਮਹਾਂ ਨਗਰ ਤਕ ਦਾ ਸਫ਼ਰ ਕਰਨ ਵਾਲੇ ਸੋਨੂੰ ਨਾਲ ਗੱਲਬਾਤ, ਇੱਕ ਅਧਿਆਪਕੀ ਸਕੂਲ ਤੋਂ ਮੈਡੀਕਲ ਕਾਲਜ ਤਕ ਦਾ ਸਫ਼ਰ ਤਹਿ ਕਰਦੀ ਪ੍ਰਤਿਭਾ ਦੇ ਜਵਾਬ, ਇੱਕ ਕਵੀ ਦੀ ਆਤਮ ਕਥਾ ਦਾ ਜੀਵਨੀ ਅੰਸ਼ ਸਮੇਤ ਪੰਜਾਹ ਪੰਨਿਆਂ ਤੇ ਫੈਲੇ ਇਸ ਮਿੰਨੀ ਆਕਾਰ ਗੁਫ਼ਤਗੂ ਨੇ ਵੱਡ ਆਕਾਰੀ ਸਾਹਿਤਕ ਪੱਤਰਕਾਵਾਂ ਦੇ ਇਨ੍ਹਾਂ ਸਮਿਆਂ ਅੰਦਰ ਚੈਨ ਦਾ ਸੁਨੇਹਾ ਦਿੱਤਾ ਹੈ। ਡਾ. ਦੀਪਤੀ ਅਤੇ ਸਮੁੱਚੀ ਟੀਮ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਨੀ ਬਣਦੀ ਹੈ।

-ਮਲਵਿੰਦਰ

❀

'ਗੁ਼ਫ਼ਤਗੂ' ਪਹਿਲਾ ਅਹਿਦ... ਬੱਚਿਆਂ ਵਿਚਕਾਰ

ਗੁ਼ਫ਼ਤਗੂ, ਜੋਕਿ ਮੁੱਖ ਤੌਰ ਤੇ ਮੁਲਾਕਾਤਾਂ, ਜੀਵਨ ਸੰਘਰਸ਼ ਅਤੇ ਸੁਪਨਿਆਂ ਦੀ ਬਾਤ ਪਾਉਣ ਵਾਲਾ ਨਵਾਂ ਮੈਗਜ਼ੀਨ ਹੈ, ਉਸਦਾ ਪਹਿਲਾ ਪਲੇਠਾ ਅੰਕ, ਤੁਗਲਵਾਲ

ਵਿਖੇ, ਰਿਆੜਕੀ ਸਕੂਲ ਵਿਚ ਰਿਲੀਜ਼ ਕੀਤਾ ਗਿਆ। ਉਥੋਂ ਦੇ ਸਕੂਲ ਦੇ ਬੱਚਿਆਂ ਨੇ, ਉਸ ਸਕੂਲ ਦੇ ਪ੍ਰਿੰਸੀਪਲ ਸਵਰਨ ਸਿੰਘ ਵਿਰਕ ਅਤੇ ਸਟਾਫ਼ ਦੀ ਹਾਜ਼ਰੀ ਵਿਚ ਇਸ ਦੀ ਘੁੰਡ ਚੁਕਾਈ ਕੀਤੀ। ਇਸ ਮੈਗਜ਼ੀਨ ਦੇ ਸਰੂਪ, ਇਸ ਦੇ ਮਨੋਰਥ ਬਾਰੇ ਦੱਸਦੇ ਹੋਏ, ਮੈਗਜ਼ੀਨ ਦੇ ਸੰਪਾਦਕ ਡਾ. ਸ਼ਿਆਮ ਸੁੰਦਰ ਦੀਪਤੀ ਨੇ ਕਿਹਾ ਕਿ ਇਸ ਵਿਚ ਮੁਲਾਕਾਤਾਂ, ਗੱਲਾਂ ਹੋਣਗੀਆਂ। ਗੁ਼ਫ਼ਤਗੂ ਮਤਲਬ ਸੰਵਾਦ। ਇਹ ਮੈਗਜ਼ੀਨ ਆਮ ਰਿਵਾਇਤ ਤੋਂ ਹੱਟ ਕੇ, ਜਿਸ ਤਰ੍ਹਾਂ ਵੱਡੇ-ਵੱਡੇ, ਜ਼ਿੰਦਗੀ ਵਿਚ ਨਾਮਨਾ ਖੱਟ ਚੁੱਕੇ ਲੋਕਾਂ ਦੀਆਂ ਮੁਲਾਕਾਤਾਂ ਛਪਦੀਆਂ ਹਨ ਜਾਂ ਟੀ.ਵੀ. 'ਤੇ ਪੇਸ਼ ਹੁੰਦੀਆਂ ਹਨ। ਇਸ ਮੈਗਜ਼ੀਨ ਵਿਚ ਤੁਹਾਡੇ ਆਂਢ-ਗੁਆਢੇ ਰਹਿੰਦੇ, ਕੰਮ ਕਰਦੇ ਕਿਸੇ ਵੀ ਮਜ਼ਦੂਰ, ਕਾਮੇ, ਗਲੀ ਵਿਚ ਸਬਜੀ ਵੇਚਣ ਵਾਲੇ, ਕਿਸੇ ਤਰਖਾਣ ਜਾਂ ਕਿਸੇ ਗ਼ਰੀਬ ਪਰਿਵਾਰ ਦੇ ਹੋਣਹਾਰ ਵਿਦਿਆਰਥੀ ਦੀ ਮੁਲਾਕਾਤ ਛਾਪੀ ਜਾਵੇਗੀ। ਉਨ੍ਹਾਂ ਕਿਹਾ ਕਿ ਮੇਰਾ ਵਿਸ਼ਵਾਸ ਹੈ ਕਿ ਹਰ ਇਕ ਦੀ ਜ਼ਿੰਦਗੀ ਵਿਚ, ਕਈ ਸੰਘਰਸ਼ਮਈ ਪਲ ਹੁੰਦੇ ਹਨ ਤੇ ਹਰ ਇਕ ਵਿਅਕਤੀ ਸੁਪਨੇ ਲੈਂਦਾ ਹੈ ਤੇ ਪੂਰਾ ਕਰਨ ਲਈ ਮੇਹਨਤ ਵੀ ਕਰਦਾ ਹੈ। ਉਸ ਬਾਰੇ ਇਸ ਵਿਚ ਜ਼ਿਕਰ ਕੀਤਾ ਜਾਵੇਗਾ।

ਇਸ ਮੌਕੇ, 'ਮੇਲਾ' ਤ੍ਰੈਮਾਸਿਕ ਦੇ ਸੰਪਾਦਕ ਰਜਿੰਦਰ ਮਾਜ਼ੀ ਵੀ ਮੌਜੂਦ ਸੀ। ਉਨ੍ਹਾਂ ਨੇ ਇਸ ਪਹਿਲੇ ਅੰਕ ਬਾਰੇ ਸੰਖੇਪ ਜਾਣਕਾਰੀ ਦਿੱਤੀ ਕਿ ਇਸ ਵਿਚ ਕੀ-ਕੀ ਸ਼ਾਮਿਲ ਹੈ।

ਇਨ੍ਹਾਂ ਵਿਚਾਰਾਂ ਦੇ ਮੱਦੇਨਜ਼ਰ ਪ੍ਰਿੰਸੀਪਲ ਸਾਹਿਬ ਨੇ ਕਿਹਾ ਕਿ ਅਸੀਂ ਵੀ ਆਪਣੇ ਸਕੂਲ ਵਿਚ ਹਰ ਹਫ਼ਤੇ ਦੀ ਅਸੈਂਬਲੀ ਵਿਚ, ਬੱਚਿਆਂ ਤੋਂ ਉਨ੍ਹਾਂ ਦੇ ਕਿਸੇ ਰੋਲ ਮਾੱਡਲ ਬਾਰੇ ਉਨ੍ਹਾਂ ਦੇ ਵਿਚਾਰ ਸੁਣਾਂਗੇ ਜਾਂ ਉਨ੍ਹਾਂ ਦੇ ਆਪਣੇ ਆਲੇ-ਦੁਆਲੇ ਰਹਿੰਦੇ ਲੋਕਾਂ ਬਾਰੇ

ਬਾਕੀ ਸਫ਼ਾ 60 'ਤੇ →

ਜ਼ਿਲ੍ਹਾ ਗੁਰਦਾਸਪੁਰ ਦੇ ਪੇਂਡੂ ਇਲਾਕੇ ਤੁਗਲਵਾਲ ਵਿਖੇ ਸਥਿਤ ਵਿਦਿਅਕ ਅਦਾਰਾ, ਪ੍ਰਿੰ. ਸਵਰਨ ਸਿੰਘ ਰਿਆੜਕੀ ਹੋਰਾਂ ਦੀ ਅਗਵਾਈ ਹੇਠ ਸ਼ੁਰੂ ਹੋਇਆ ਤੇ ਆਪਣੀਆਂ ਨਵੇਕਲੀਆਂ ਪੈੜਾਂ ਕਰਕੇ ਪੂਰੇ ਦੇਸ਼ ਵਿਚ ਇਸਦੀ ਮਿਸਾਲ ਦਿੱਤੀ ਜਾਂਦੀ ਹੈ।

ਇਸ ਸਾਲ 8 ਮਾਰਚ, ਮਹਿਲਾ ਦਿਵਸ 'ਤੇ ਸਕੂਲ ਦੀਆਂ ਸਾਰੀਆਂ ਬੱਚੀਆਂ ਨੂੰ ਆਪਣੇ-ਆਪਣੇ ਜੀਵਨ ਵਿਚ ਆਈਆਂ ਜਾਂ ਪੜ੍ਹਦੇ ਹੋਇਆਂ ਕਿਸੇ ਵਿਸ਼ੇਸ਼ ਨਾਰੀ-ਸ਼ਖ਼ਸੀਅਤ, ਪ੍ਰਭਾਵਿਤ ਹੋਈਆਂ ਹਸਤੀਆਂ ਬਾਰੇ ਆਪਣੇ ਵਿਚਾਰ ਲਿਖਣ।

ਇਸ ਦਿਨ, ਉਨ੍ਹਾਂ ਦੇ ਮਾਂ-ਪਿਉ ਜਾਂ ਹੋਰ ਬਜ਼ੁਰਗਾਂ ਨੂੰ ਸੱਦਾ ਦਿੱਤਾ ਗਿਆ ਕਿ ਉਹ ਆ ਕੇ ਆਪਣੇ ਬੱਚਿਆਂ ਦੀਆਂ ਕਲਾ-ਕ੍ਰਿਤਾਂ ਅਤੇ ਵਿਚਾਰਾਂ ਤੋਂ ਜਾਣੂ ਹੋਣ।

ਕੁਝ ਖਾਸ ਕਲਾਕ੍ਰਿਤਾਂ ਨਾਲ ਮੈਗਜ਼ੀਨ ਦੇ ਸੰਪਾਦਕ, ਪ੍ਰਿੰਸੀਪਲ, ਪ੍ਰਬੰਧਕ ਅਤੇ ਬੱਚਿਆਂ ਦੇ ਨਾਲ ਉਨ੍ਹਾਂ ਦੇ ਮਾਪੇ।

ਗ਼ੁਫ਼ਤਗੂ
ਮਈ 2020 GUFTGOO MAY 2020 ਦੂਜਾ ਅੰਕ

ਹਮ ਤੋਂ ਯੇ ਬਾਤ ਜਾਨ ਕੇ ਹੈਰਾਨ ਹੈਂ ਬਹੁਤ।
ਇਨਸਾਨ ਕੇ ਲਿਬਾਸ ਮੇਂ, ਹੈਵਾਨ ਹੈਂ ਬਹੁਤ।

ਜਾਨੇ ਹਮਾਰੇ ਘਰ ਕੋ ਨਜ਼ਰ ਕਿਸ ਕੀ ਲਗ ਗਈ,
ਹਮ ਲੋਗ ਕੁਝ ਦਿਨੋਂ ਸੇ ਪਰੇਸ਼ਾਨ ਹੈਂ ਬਹੁਤ।

ਆਂਖੇ ਉਦਾਸ ਉਦਾਸ ਹੈਂ, ਮੰਜਰ ਬੁਝੇ ਬੁਝੇ,
ਗਲੀਆਂ ਹਮਾਰੇ ਸ਼ਹਿਰ ਕੀ ਵੀਰਾਨ ਹੈਂ ਬਹੁਤ।

ਚਾਹਤ ਹੈ ਫਾਯਦੇ ਕੀ ਤੋਂ ਬਾਂਟੋਂ ਮੁਹੱਬਤੇਂ,
ਨਫ਼ਰਤ ਕੇ ਕਾਰੋਬਾਰ ਮੇਂ ਨੁਕਸਾਨ ਹੈ ਬਹੁਤ।

ਆਵਾਜ਼ ਬਰਤਨੋਂ ਕੀ ਘਰੋਂ ਮੇਂ ਦਬੀ ਰਹੀ,
ਬਾਹਰ ਜੋ ਸੁਨਨੇ ਵਾਲੇ ਹੈਂ, ਸ਼ੈਤਾਨ ਹੈ ਬਹੁਤ।

ਹਮ ਤੋਂ ਯੇ ਬਾਤ ਜਾਨ ਕੇ ਹੈ ਗਨ ਹੈਂ ਬਹੁਤ।